ਸ਼ੁੱਕਰਵਾਰ, 28 ਮਾਰਚ, 2025
15 ਚੇਤ { ਨਾਨਕਸ਼ਾਹੀ 557 / ਬਿਕਰਮੀ 2081
ਜਿਲਦ/VOL. : 73
ਅੰਕ/NO. : 296

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • FRIDAY, 28 MARCH, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

284 ਜਣੇ ਦੇਸ਼ ਦੀ ਇੱਕ-ਤਿਹਾਈ ਦੌਲਤ ਦੇ ਮਾਲਕ

ਨਵੀਂ ਦਿੱਲੀ : 284 ਭਾਰਤੀ ਅਰਬਪਤੀਆਂ ਕੋਲ ਦੇਸ਼ ਦੀ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੇ ਇੱਕ-ਤਿਹਾਈ ਜਿੰਨੀ ਦੌਲਤ ਹੈ। ਹੁਰੂਨ ਗਲੋਬਲ ਰਿਚ ਲਿਸਟ ਮੁਤਾਬਕ ਗੌਤਮ ਅਡਾਨੀ, ਜਿਹੜਾ ਗੁਜਰਾਤ ਦੇ ਅਹਿਮਦਾਬਾਦ ਸਥਿਤ ਹੈੱਡਕੁਆਰਟਰ ਵਾਲੇ ਸਨਅਤੀ ਘਰਾਣੇ ਦਾ ਮੁਖੀ ਹੈ, ਦੀ ਦੌਲਤ ਇੱਕ ਲੱਖ ਕਰੋੜ ਰੁਪਏ ਵਧ ਕੇ 8.4 ਲੱਖ ਕਰੋੜ ਹੋ ਗਈ ਹੈ। ਰਿਲਾਇੰਸ ਇੰਡਸਟ੍ਰੀਜ਼ ਦੇ ਮੁਕੇਸ਼ ਅੰਬਾਨੀ ਦੀ ਦੌਲਤ 13 ਫੀਸਦੀ ਘਟ ਕੇ 8.6 ਲੱਖ ਕਰੋੜ 'ਤੇ ਆ ਗਈ ਹੈ, ਪਰ ਉਹ ਏਸ਼ੀਆ ਦਾ ਨੰਬਰ ਵਨ ਅਮੀਰ ਦਾ ਰੁਤਬਾ ਕਾਇਮ ਰੱਖਣ ਵਿੱਚ ਕਾਇਮ ਰਿਹਾ ਹੈ। ਅਡਾਨੀ, ਜਿਸ ਨੂੰ ਹਿੰਡਨਬਰਗ ਰਿਪੋਰਟ ਕਾਰਨ ਧੱਕਾ ਲੱਗਾ ਸੀ, ਪਿਛਲੇ ਸਾਲ 13 ਫੀਸਦੀ ਦੌਲਤ ਵਧਾਉਣ ਵਿੱਚ ਸਫਲ ਰਿਹਾ ਹੈ। ਭਾਰਤ ਵਿੱਚ 284 ਅਰਬਪਤੀ ਹਨ, ਜਿਨ੍ਹਾਂ ਦੀ ਦੌਲਤ ਵਿੱਚ 10 ਫੀਸਦੀ (98 ਲੱਖ ਕਰੋੜ) ਦਾ ਵਾਧਾ ਹੋਇਆ ਹੈ। ਇਹ ਦੇਸ਼ ਦੀ ਜੀ ਡੀ ਪੀ ਦਾ ਇੱਕ-ਤਿਹਾਈ ਬਣਦਾ ਹੈ। ਭਾਰਤ ਹਰੇਕ ਅਰਬਪਤੀ ਦੀ ਔਸਤ ਦੌਲਤ ਦੇ ਮਾਮਲੇ ਵਿੱਚ ਚੀਨ ਨੂੰ ਟੱਪ ਗਿਆ ਹੈ। ਭਾਰਤ ਵਿੱਚ ਅਰਬਪਤੀ ਕੋਲ ਔਸਤਨ 34514 ਕਰੋੜ ਦੀ ਦੌਲਤ ਹੈ, ਜਦਕਿ ਚੀਨ ਵਿੱਚ 29027 ਕਰੋੜ ਦੀ।



15 ਜਨਵਰੀ ਤੱਕ ਹਿਸਾਬ ਲਾਉਣ ਵਾਲੀ ਰਿਪੋਰਟ ਮੁਤਾਬਕ 175 ਅਰਬਪਤੀ ਭਾਰਤੀਆਂ ਦੀ ਦੌਲਤ ਵਿੱਚ ਪਿਛਲੇ ਇੱਕ ਸਾਲ ਦੌਰਾਨ ਵਾਧਾ ਹੋਇਆ, ਜਦਕਿ 109 ਅਰਬਪਤੀਆਂ ਦੀ ਦੌਲਤ ਘਟੀ ਜਾਂ ਸਾਵੀਂ ਰਹੀ। ਰੋਸ਼ਨੀ ਨਾਡਾਰ ਸਾਢੇ ਤਿੰਨ ਲੱਖ ਕਰੋੜ ਦੀ ਦੌਲਤ ਨਾਲ ਸਭ ਤੋਂ ਅਮੀਰ ਭਾਰਤੀ ਮਹਿਲਾ ਬਣ ਗਈ ਹੈ। ਦੁਨੀਆ ਦੀਆਂ ਅਮੀਰ ਮਹਿਲਾਵਾਂ ਵਿੱਚ ਪੰਜਵੇਂ ਨੰਬਰ 'ਤੇ ਪੁੱਜ ਗਈ ਹੈ। ਅਜਿਹਾ ਉਸ ਦੇ ਪਿਤਾ ਵੱਲੋਂ ਐੱਚ ਸੀ ਐੱਲ ਵਿੱਚ ਆਪਣੀ 47 ਫੀਸਦੀ ਹਿੱਸੇਦਾਰੀ ਉਸ ਨੂੰ ਟਰਾਂਸਫਰ ਕਰਨ ਨਾਲ ਹੋਇਆ ਹੈ। ਸ਼ਹਿਰਾਂ ਦੇ ਹਿਸਾਬ ਨਾਲ ਮੁੰਬਈ ਵਿੱਚ 11 ਅਰਬਪਤੀ ਸੁਪਰ-ਰਿਚ ਲੋਕਾਂ ਵਿੱਚ ਸ਼ਾਮਲ ਹੋਏ ਹਨ। ਹੁਣ ਸ਼ਹਿਰ ਵਿੱਚ ਅਰਬਪਤੀਆਂ ਦੀ ਗਿਣਤੀ 90 ਹੋ ਗਈ ਹੈ, ਪਰ ਮੁੰਬਈ ਏਸ਼ੀਆ ਵਿੱਚ ਸਭ ਤੋਂ ਵੱਧ ਅਰਬਪਤੀਆਂ ਦੀ ਰਾਜਧਾਨੀ ਵਜੋਂ ਆਪਣਾ ਰੁਤਬਾ ਚੀਨ ਦੇ ਸ਼ੰਘਾਈ ਨੂੰ ਗੁਆ ਬੈਠੀ ਹੈ। ਉੱਥੇ 92 ਅਰਬਪਤੀ ਹੋ ਗਏ ਹਨ। ਭਾਰਤ ਵਿੱਚ ਸਭ ਤੋਂ ਵੱਧ 53 ਅਰਬਪਤੀ ਹੈੱਲਥ ਕੇਅਰ ਸੈਕਟਰ ਦੇ ਹਨ। ਇਸ ਤੋਂ ਬਾਅਦ ਕੰਜ਼ਿਊਮਰ ਗੁਡਜ਼ 'ਚ 35 ਤੇ ਸਨਅਤੀ ਉਤਪਾਦਨ ਵਿੱਚ 32 ਨਵੇਂ ਅਰਬਪਤੀ ਸ਼ਾਮਲ ਹੋਏ ਹਨ। ਭਾਰਤੀ ਅਰਬਪਤੀਆਂ ਦੀ ਔਸਤ ਉਮਰ 68 ਸਾਲ ਹੈ। ਇਹ ਸੰਸਾਰ ਔਸਤ ਨਾਲੋਂ ਦੋ ਸਾਲ ਵੱਧ ਹੈ। 34 ਸਾਲਾ ਸ਼ੰਸ਼ਾਕ ਕੁਮਾਰ ਤੇ ਰਾਜ਼ੋਪੇ ਦਾ ਹਰਸ਼ਿਲ ਮਾਥੁਰ 8643 ਕਰੋੜ ਦੀ ਦੌਲਤ ਨਾਲ ਸਭ ਤੋਂ ਛੋਟੀ ਉਮਰ ਦੇ ਹਨ।

ਟੈਸਲਾ ਤੇ ਸਪੇਸਐੱਕਸ ਵਰਗੀਆਂ ਕੰਪਨੀਆਂ ਦਾ ਮਾਲਕ ਐਲਨ ਮਸਕ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਬਣਿਆ ਹੋਇਆ ਹੈ। ਡੋਨਾਲਡ ਟਰੰਪ ਦੇ ਦੁਬਾਰਾ ਰਾਸ਼ਟਰਪਤੀ ਬਣਨ ਤੋਂ ਬਾਅਦ ਉਸ ਦੀ ਦੌਲਤ 82 ਫੀਸਦੀ (189 ਅਰਬ ਡਾਲਰ) ਵਧੀ ਹੈ। ਉਸ ਦੀ ਦੌਲਤ 34.32 ਲੱਖ ਕਰੋੜ ਹੈ। ਐਮਾਜ਼ੋਨ ਦਾ ਬਾਨੀ ਜੈਫ ਬੇਜੋਸ 22.83 ਲੱਖ ਕਰੋੜ ਨਾਲ ਦੂਜੇ ਨੰਬਰ 'ਤੇ ਹੈ। ਇਸ ਰਿਪੋਰਟ ਤੋਂ ਇੱਕ ਦਿਨ ਪਹਿਲਾਂ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵਰਕਰਾਂ ਦੀਆਂ ਉਜਰਤਾਂ ਦੀ ਗੰਭੀਰ ਹਾਲਤ ਦਾ ਮੁੱਦਾ ਚੁੱਕਿਆ ਸੀ। ਉਨ੍ਹਾ ਕੌਮਾਂਤਰੀ ਕਿਰਤ ਜਥੇਬੰਦੀ (ਆਈ ਐੱਲ ਓ) ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਸੀ ਕਿ ਭਾਰਤ ਵਿੱਚ ਉਜਰਤ ਵਾਧਾ 2006 ਵਿੱਚ 9.3 ਫੀਸਦੀ ਤੋਂ ਘਟ ਕੇ 2023 ਵਿੱਚ 0.1 ਫੀਸਦੀ 'ਤੇ ਆ ਗਿਆ ਸੀ।

ਖੜਗੇ ਨੇ ਮੋਦੀ ਸਰਕਾਰ 'ਤੇ ਆਰਥਕ ਨਾਬਰਾਬਰੀ ਨੂੰ ਮੁਢਲੇ ਬਸਤੀਵਾਦੀ ਦੌਰਾਂ ਵਰਗੀ ਕਰ ਦੇਣ ਦਾ ਦੋਸ਼ ਲਾਇਆ ਸੀ। ਉਨ੍ਹਾ ਕਿਹਾ ਸੀ ਕਿ ਪਿਛਲੇ 78 ਸਾਲਾਂ ਵਿੱਚ ਆਮ ਲੋਕਾਂ ਨੂੰ ਆਰਥਕ ਤੌਰ 'ਤੇ ਕਿਸੇ ਸਰਕਾਰ ਨੇ ਏਨਾ ਕਮਜ਼ੋਰ ਨਹੀਂ ਕੀਤਾ, ਜਿੰਨਾ ਮੋਦੀ ਸਰਕਾਰ ਨੇ ਕੀਤਾ ਹੈ। ਜੇ ਕਿਸੇ ਕੋਲ ਚੰਗੀ ਡਿਗਰੀ ਜਾਂ ਸਕਿੱਲ ਜੌਬ ਹੈ, ਉਸ ਨੂੰ ਵੀ ਦੁਨੀਆ ਵਿੱਚ ਸੱਤਵੀਂ ਸਭ ਤੋਂ ਹੇਠਲੀ ਉਜਰਤ ਮਿਲ ਰਹੀ ਹੈ। ਸਰਕਾਰ ਨੇ ਟੈਕਸ, ਨੋਟ ਪਸਾਰਾ ਵਧਾ ਕੇ ਤੇ ਆਰਥਕ ਕੁਪ੍ਰਬੰਧ ਨਾਲ ਦਰਮਿਆਨੇ ਤਬਕੇ ਦਾ ਕਚੂੰਬਰ ਕੱਢ ਦਿੱਤਾ ਹੈ, ਜਦਕਿ ਸਰਕਾਰ 'ਸਬਕਾ ਸਾਥ, ਸਬਕਾ ਵਿਕਾਸ' ਦੇ ਢੋਲ ਪਿੱਟ ਰਹੀ ਹੈ।

ਪਿਛਲੀਆਂ ਸਰਕਾਰਾਂ ਦੀ ਤਰਜ਼ ਦਾ ਕਰਜ਼ਿਆਂ ਦੇ ਭਾਰ ਹੇਠਾਂ ਦੱਬਿਆ ਬਜਟ : ਸੀ ਪੀ ਆਈ

ਚੰਡੀਗੜ੍ਹ : ਪੰਜਾਬ ਸੀ ਪੀ ਆਈ ਦੇ ਸੂਬਾ ਸਕੱਤਰੇਤ ਨੇ ਕਿਹਾ ਹੈ ਕਿ 2.36 ਲੱਖ ਕਰੋੜ ਦਾ ਬਜਟ, ਜਿਹੜਾ 2025-26 ਸਾਲ ਵਾਸਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤਾ ਗਿਆ, ਪੰਜਾਬ ਦੇ ਵਿਕਾਸ ਅਤੇ ਆਮ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਹੱਲ ਕਰਨ ਵਿਚ ਪਿਛਲੇ ਬਜਟਾਂ ਵਾਂਗ ਹੀ ਪੂਰੀ ਤਰ੍ਹਾਂ ਅਸਫਲ ਰਿਹਾ ਹੈ। ਸਨਅਤ, ਖੇਤੀ, ਵਿਦਿਆ ਅਤੇ ਸਿਹਤ ਵਾਸਤੇ ਰੱਖੇ ਖਰਚਿਆਂ ਵਿਚ ਮਾਮੂਲੀ ਵਾਧੇ, ਵਧੀਆਂ ਕੀਮਤਾਂ ਕਰਕੇ ਪਿਛਲੇ ਸਾਲ ਦੇ ਰੱਖੇ ਖਰਚਿਆਂ ਬਰਾਬਰ ਹਨ। ਪੁਰਾਣੀ ਪੈਨਸ਼ਨ ਬਹਾਲ ਕਰਨ, ਘੱਟੋ-ਘੱਟ ਉਜਰਤਾਂ ਵਿਚ ਵਾਧੇ, ਕੱਚੇ ਵਰਕਰਾਂ ਨੂੰ ਪੱਕੇ ਕਰਨ ਅਤੇ ਖੇਤ ਮਜ਼ਦੂਰਾਂ ਵਾਸਤੇ ਸਮਾਜਕ ਸੁਰੱਖਿਆ ਲਈ ਅਤੇ ਬੇਰੁਜ਼ਗਾਰੀ ਦੂਰ ਕਰਨ ਵਾਸਤੇ ਕੋਈ ਪ੍ਰਭਾਵਸ਼ਾਲੀ ਯੋਜਨਾ ਤੋਂ ਵਾਂਝਾ ਬਜਟ ਹੈ।

ਸਿਵਾਏ ਬਿਜਲੀ ਟੈਕਸਾਂ ਤੋਂ ਛੋਟ ਅਤੇ ਔਰਤਾਂ ਲਈ ਮੁਫਤ ਕਰਾਏ ਤੋਂ ਬਿਨਾਂ ਬਜਟ ਪਿਛਲੀਆਂ ਸਰਕਾਰਾਂ ਵਾਲੇ ਬਜਟਾਂ ਵਾਂਗ ਕਰਜ਼ਿਆਂ ਨਾਲ ਸਰਕਾਰ ਚਲਾਉਣ ਦੀ ਤਰਜ਼ 'ਤੇ ਖੜਾ ਹੈ। ਪੰਜਾਬ ਕਰਜ਼ਿਆਂ ਦੇ ਸੰਬੰਧ ਵਿਚ ਭਾਰਤ ਵਿਚ ਦੂਜੇ ਨੰਬਰ ਦਾ ਸਭ ਤੋਂ ਵੱਡਾ ਕਰਜ਼ਾਈ ਪ੍ਰਾਂਤ ਬਣ ਗਿਆ ਹੈ, ਜਿਹੜਾ ਇਸ ਸਮੇਂ 3.82 ਲੱਖ ਕਰੋੜ ਤੱਕ ਪੁੱਜ ਚੁੱਕਾ ਹੈ ਅਤੇ ਅਗਲੇ ਸਾਲ ਤੱਕ 4.17 ਲੱਖ ਕਰੋੜ ਤੱਕ ਪੁੱਜ ਜਾਵੇਗਾ। ਨੀਤੀ ਅਯੋਗ, ਜਿਸ ਨੇ ਇਸ ਜਨਵਰੀ ਵਿਚ 2022-23 ਦੇ ਅੰਕੜਿਆਂ ਅਧਾਰਤ ਵਿੱਤੀ ਹਾਲਤ ਦਾ ਸੂਚਕ ਅੰਕ (ਫਿਸਕਲ ਹੈੱਲਥ ਇੰਡਕਸ) ਜਾਰੀ ਕੀਤਾ, ਅਨੁਸਾਰ ਪੰਜਾਬ ਦੀ ਆਰਥਕ ਹਾਲਤ ਪ੍ਰਾਂਤਾਂ ਵਿਚੋਂ 18ਵੇਂ ਨੰਬਰ 'ਤੇ ਪੁੱਜ ਗਈ। ਜਿੰਨੀ ਪੰਜਾਬ ਦੀ ਕੁਲ ਘਰੇਲੂ ਪੈਦਾਵਾਰ ਹੈ, ਉਸ ਦਾ 46 ਫੀਸਦੀ ਭਾਵ ਲਗਭਗ ਅੱਧ ਦੇ ਕਰੀਬ ਕਰਜ਼ਾ ਹੈ, ਜਿਹੜਾ ਦੇਸ਼ ਵਿਚ ਦੂਜੇ ਨੰਬਰ ਤੱਕ ਪੁੱਜ ਚੁੱਕਾ ਹੈ। ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਜੁਮਲਾ ਬਣ ਕੇ ਰਹਿ ਗਿਆ। ਡਰੱਗ ਮਾਫੀਆ ਤੇ ਗੈਂਗਸਟਰਾਂ ਵਿਰੁੱਧ ਚਲਾਈ ਮੁਹਿੰਮ ਦਾ ਨਾਅਰਾ ਤਾਂ ਚੰਗਾ ਹੈ, ਪਰ ਜਿਸ ਪ੍ਰਕਾਰ ਸਰਕਾਰ ਨੇ 'ਬੁਲਡੋਜ਼ਰ' ਅਤੇ 'ਝੂਠੇ ਮੁਕਾਬਲੇ ਬਣਾ ਕੇ' ਇਨਕਾਊਂਟਰ ਦੀ ਮੁਹਿੰਮ ਛੇੜੀ ਹੈ, ਇਹ ਯੂ ਪੀ ਦੇ ਅਦਿੱਤਿਆ ਨਾਥ ਯੋਗੀ ਦੀਆਂ ਗੈਰ-ਵਿਧਾਨਕ ਅਤੇ ਗੈਰ-ਕਾਨੂੰਨੀ ਪੁਲਸ ਰਾਜ ਦੀ ਯਾਦ ਦਿਵਾਉਂਦੀ ਹੈ।

ਪੀ ਆਰ ਟੀ ਸੀ ਕਾਮੇ ਅੱਜ ਬਜਟ ਦੀਆਂ ਕਾਪੀਆਂ ਸਾੜਨਗੇ

ਪਟਿਆਲਾ : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਪਟਿਆਲਾ ਵਿੱਚ ਸ਼ਾਮਲ ਏਟਕ, ਇੰਟਕ, ਕਰਮਚਾਰੀ ਦਲ, ਕੰਟਰੈਕਟ ਵਰਕਰਜ਼ (ਆਜ਼ਾਦ), ਐੱਸ ਸੀ/ਬੀ ਸੀ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਮਨਜਿੰਦਰ ਕੁਮਾਰ ਬੱਬੂ ਸ਼ਰਮਾ, ਰਾਕੇਸ਼ ਕੁਮਾਰ ਦਾਤਾਰਪੁਰੀ ਅਤੇ ਮੁਹੰਮਦ ਖਲੀਲ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਮੁਲਾਜ਼ਮ—ਮਜ਼ਦੂਰ ਅਤੇ ਕਰਮਚਾਰੀ ਵਿਰੋਧੀ, ਪਬਲਿਕ ਸੈਕਟਰ ਦੇ ਅਦਾਰੇ ਟਰਾਂਸਪੋਰਟ ਵਿਰੋਧੀ, ਕੰਟਰੈਕਟ, ਆਊਟਸੋਰਸ ਵਰਕਰਜ਼ ਵਿਰੋਧੀ ਕਰਾਰ ਦਿੰਦਿਆ ਪੰਜਾਬ ਸਰਕਾਰ ਦੀ ਪੁਰਜੋਰ ਸ਼ਬਦਾਂ ਵਿੱਚ ਨਖੇਧੀ ਕਰਦਿਆਂ ਕਿਹਾ ਕਿ ਪੀ ਆਰ ਟੀ ਸੀ ਅਦਾਰੇ ਉਪਰ ਸਰਕਾਰ ਨੇ ਜੋ ਮੁਫ਼ਤ ਸਫਰ ਸਹੂਲਤਾਂ ਦਾ ਬੋਝ ਪਾਇਆ ਹੋਇਆ ਹੈ, ਉਹ ਘੱਟੋ-ਘੱਟ ਸਾਲਾਨਾ 500 ਕਰੋੜ ਰੁਪਏ ਤੋਂ ਵੀ ਵੱਧ ਹੈ ਅਤੇ ਸਰਕਾਰ ਵੱਲ ਪਿਛਲਾ ਬਕਾਇਆ ਵੀ 400 ਕਰੋੜ ਰੁਪਏ ਤੋਂ ਵੱਧ ਦਾ ਖੜਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਪਤਾ ਨਹੀਂ ਖਜ਼ਾਨਾ ਮੰਤਰੀ ਨੇ ਕੀ ਸੋਚਿਆ ਕਿ ਪੀ ਆਰ ਟੀ ਸੀ ਅਤੇ ਪੰਜਾਬ ਰੋਡਵੇਜ਼ ਨੂੰ ਮੁਫ਼ਤ ਸਫਰ ਸਹੂਲਤਾਂ ਬਦਲੇ ਰਕਮ ਸਿਰਫ 450 ਕਰੋੜ ਰੁਪਏ ਰੱਖੀ ਹੈ, ਜਿਸ ਵਿੱਚ ਅੰਦਾਜ਼ਨ ਪੀ ਆਰ ਟੀ ਸੀ ਨੂੰ 225 ਕਰੋੜ ਰੁਪਏ ਸਾਲ 2025-26 ਵਿੱਚ ਮਿਲ ਸਕਦੇ ਹਨ, ਜਦ ਕਿ ਇਕੱਲੀਆਂ ਔਰਤਾਂ ਦਾ ਮੁਫ਼ਤ ਸਫਰ ਹੀ ਸਲਾਨਾ 450 ਕਰੋੜ ਰੁਪਏ ਬਣਦਾ ਹੈ, ਜਿਸ ਦਾ ਸਪੱਸ਼ਟ ਅਰਥ ਹੈ ਕਿ ਵਰਕਰਾਂ ਦੀਆਂ ਜੇਬਾਂ 'ਤੇ ਹੀ ਡਾਕਾ ਵੱਜੇਗਾ, ਜਿਹਨਾਂ ਨੂੰ ਪਹਿਲਾਂ ਹੀ ਤਨਖਾਹ/ ਪੈਨਸ਼ਨ ਸਮੇਂ ਸਿਰ ਨਹੀਂ ਮਿਲਦੀ, ਸੇਵਾ-ਮੁਕਤ ਵਰਕਰਾਂ ਨੂੰ ਡੇਢ ਸਾਲ ਤੋਂ ਉਹਨਾਂ ਦੇ ਸੇਵਾ-ਮੁਕਤੀ ਬਕਾਏ ਨਹੀਂ ਮਿਲ ਰਹੇ। ਹੋਰ ਅਨੇਕਾਂ ਕਿਸਮ ਦੇ ਬਕਾਏ ਕਰੋੜਾਂ ਰੁਪਏ ਦੇ ਪੈਂਡਿੰਗ ਪਏ ਹਨ। ਸਰਕਾਰ ਇਸ ਅਦਾਰੇ ਦੀ ਕੋਈ ਵਿੱਤੀ ਮਦਦ ਨਹੀਂ ਕਰ ਰਹੀ। ਪਿਛਲੇ ਤਿੰਨ ਸਾਲਾਂ ਤੋਂ ਇੱਕ ਵੀ ਨਵੀਂ ਬੱਸ ਪਾਉਣ ਲਈ ਸਰਕਾਰ ਵੱਲੋਂ ਕੋਈ ਪਹਿਲਕਦਮੀ ਨਹੀਂ ਕੀਤੀ ਗਈ। ਨਵੀਂਆਂ ਬੱਸਾਂ ਪਾਉਣ ਦੀ ਸਿਰਫ ਮਨਜ਼ੂਰੀ ਵੀ ਕਈ ਮਹੀਨਿਆਂ ਤੋਂ ਲਟਕ ਰਹੀ ਹੈ, ਜਦ ਕਿ ਸਰਕਾਰ ਨੇ ਬੱਸਾਂ ਪਾਉਣ ਲਈ ਆਪਣੇ ਕੋਲੋਂ ਕੋਈ ਪੈਸਾ ਵੀ ਪੀ ਆਰ ਟੀ ਸੀ ਨੂੰ ਨਹੀਂ ਦੇਣਾ।ਇਸ ਤੋਂ ਇਲਾਵਾ ਪੀ ਆਰ ਟੀ ਸੀ ਅਦਾਰੇ ਵਿੱਚ ਅੱਤ ਦੇ ਸ਼ੋਸ਼ਿਤ ਕੰਟਰੈਕਟ/ ਆਊਟ ਸੋਰਸ ਵਰਕਰਾਂ ਨੂੰ ਰੈਗੂਲਰ ਕਰਨ ਦੀ ਕੋਈ ਪਾਲਸੀ ਨਹੀਂ ਬਣਾਈ ਜਾ ਰਹੀ, ਜਿਸ ਕਾਰਨ ਉਹ ਅਦਾਰੇ ਵਿੱਚ ਆਪਣੇ ਭਵਿੱਖ ਦੀ ਚਿੰਤਾ ਨੂੰ ਲੈ ਕੇ ਵਾਰ—ਵਾਰ ਹੜਤਾਲ—ਮੁਜ਼ਾਹਰੇ ਕਰਨ ਲਈ ਮਜਬੂਰ ਹੁੰਦੇ ਹਨ, ਜਿਸ ਨਾਲ ਜਿੱਥੇ ਅਦਾਰੇ ਦਾ ਵਿੱਤੀ ਨੁਕਸਾਨ ਵੀ ਹੁੰਦਾ ਹੈ ਅਤੇ ਪਬਲਿਕ ਵੀ ਖੱਜਲ-ਖੁਆਰ ਹੁੰਦੀ ਹੈ। ਸਰਕਾਰ ਹਕੂਮਤ ਦੇ ਨਸ਼ੇ ਵਿੱਚ ਕਿਸੇ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਲਾਰੇ, ਫੋਕੀਆਂ ਅਤੇ ਝੂਠੀਆਂ ਬਿਆਨਬਾਜ਼ੀਆਂ ਨਾਲ ਡੰਗ-ਟਪਾਊ ਨੀਤੀ 'ਤੇ ਚੱਲਿਆ ਜਾ ਰਿਹਾ ਹੈ।

ਐਕਸ਼ਨ ਕਮੇਟੀ ਨੇ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ ਸਰਕਾਰ ਪੀ ਆਰ ਟੀ ਸੀ ਦੀ ਸਾਰੀ ਬਕਾਇਆ ਬਣਦੀ 500 ਕਰੋੜ ਰੁਪਏ ਤੋਂ ਵੱਧ ਦੀ ਰਕਮ ਅਦਾਰੇ ਨੂੰ ਦੇਵੇ ਅਤੇ ਬਜਟ ਵਿੱਚ ਮੁਫ਼ਤ ਸਫਰ ਦੀ ਬਣਦੀ ਪੂਰੀ ਰਕਮ ਦਾ ਪ੍ਰਬੰਧ ਕਰੇ ਅਤੇ ਪੀ ਆਰ ਟੀ ਸੀ ਨੂੰ ਹਰ ਮਹੀਨੇ ਨਾਲੋ—ਨਾਲ ਪੈਸਾ ਦੇਵੇ।ਐਕਸ਼ਨ ਕਮੇਟੀ ਵੱਲੋਂ ਸੱਦਾ ਦਿੱਤਾ ਗਿਆ ਕਿ ਪੰਜਾਬ ਦੀਆਂ ਮੁਲਾਜ਼ਮ-ਮਜਦੂਰ ਜਥੇਬੰਦੀਆਂ ਨੇ 28 ਮਾਰਚ ਨੂੰ ਬਜਟ ਦੀਆਂ ਕਾਪੀਆਂ ਸਾੜਨ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਵੱਖ-ਵੱਖ ਥਾਵਾਂ 'ਤੇ ਪੀ ਆਰ ਟੀ ਸੀ ਕਾਮੇ ਵੀ ਇਹਨਾਂ ਐਕਸ਼ਨਾਂ ਵਿੱਚ ਸ਼ਾਮਲ ਹੋਣਗੇ।

ਆਮਦਨ ਕਰ ਵਿਭਾਗ ਦੇ ਦਫਤਰ ਖੁੱਲ੍ਹੇ ਰਹਿਣਗੇ

ਨਵੀਂ ਦਿੱਲੀ : ਦੇਸ਼-ਭਰ ਵਿੱਚ ਆਮਦਨ ਕਰ ਵਿਭਾਗ ਦੇ ਦਫਤਰ 29 ਮਾਰਚ ਤੋਂ 31 ਮਾਰਚ ਤੱਕ ਵੀ ਖੁੱਲ੍ਹੇ ਰਹਿਣਗੇ ਤਾਂ ਜੋ ਵਿੱਤੀ ਸਾਲ ਲਈ ਬਕਾਇਆ ਟੈਕਸ ਨਾਲ ਸੰਬੰਧਤ ਕਾਰੋਬਾਰ ਨੂੰ ਪੂਰਾ ਕਰਨ ਵਿੱਚ ਟੈਕਸਦਾਤਾਵਾਂ ਦੀ ਸਹੂਲਤ ਹੋ ਸਕੇ। ਸੰਭਵ ਤੌਰ 'ਤੇ ਸੋਮਵਾਰ ਨੂੰ ਆਉਣ ਵਾਲੀ ਈਦ-ਉਲ-ਫਿਤਰ ਵਾਲੇ ਦਿਨ ਵੀ ਦਫਤਰ ਖੁੱਲ੍ਹੇ ਰਹਿਣਗੇ।

ਘੁੰਮਣਾ-ਫਿਰਨਾ ਬੰਦ ਹੋ ਗਿਆ : ਸਲਮਾਨ

ਮੁੰਬਈ : ਬਾਲੀਵੁੱਡ ਸਟਾਰ ਸਲਮਾਨ ਖਾਨ ਨੇ ਕਿਹਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਕਾਰਨ ਵਧੀ ਹੋਈ ਸੁਰੱਖਿਆ ਨੇ ਉਸ ਦੇ ਬਾਹਰ ਨਿਕਲਣ ਨੂੰ ਕਾਫੀ ਹੱਦ ਤੱਕ ਸੀਮਤ ਕਰ ਦਿੱਤਾ ਹੈ ਅਤੇ ਉਸ ਦੇ ਸਟਾਈਲ ਨੂੰ ਪ੍ਰਭਾਵਤ ਕਰ ਦਿੱਤਾ ਹੈ। ਖਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸੁਰੱਖਿਆ ਪ੍ਰੋਟੋਕੋਲ ਨੇ ਉਸ ਦੇ ਰੋਜ਼ਾਨਾ ਦੇ ਰੁਟੀਨ ਨੂੰ ਪ੍ਰਭਾਵਤ ਕੀਤਾ ਹੈ। ਉਸ ਨੇ ਕਿਹਾ, "ਮੈਂ ਇਸ (ਸੁਰੱਖਿਆ) ਬਾਰੇ ਕੁਝ ਨਹੀਂ ਕਰ ਸਕਦਾ। ਮੈਂ ਸਿਰਫ ਗਲੈਕਸੀ (ਘਰ) ਤੋਂ ਸ਼ੂਟਿੰਗ ਕਰਨ ਜਾਂਦਾ ਹਾਂ, ਹੋਰ ਕੋਈ ਘੁੰਮਣਾ-ਫਿਰਨਾ ਨਹੀਂ।"

ਡੇਰੇ ਜਾਂਦਿਆਂ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ

**ਜਲੰਧ

28-MAR-PAGE-1.qxd 3/27/2025 9:22 PM Page 2

ਡੀ ਏ ਵੀ ਕਕਰਾਲਾ ਦੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਐਲਾਨਿਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਡੀ.ਏ.ਵੀ ਸਕੂਲ ਕਕਰਾਲਾ ਵੱਲੋਂ ਸੈਸ਼ਨ 2024-25 ਦੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਬੜੇ ਉਤਸ਼ਾਹ ਨਾਲ ਘੋਸ਼ਿਤ ਕੀਤਾ ਗਿਆ।ਇਹ ਪ੍ਰੋਗਰਾਮ ਸਕੂਲ ਦੇ ਪ੍ਰੀਖਿਆ ਵਿਭਾਗ ਦੀ ਦੇਖ-ਰੇਖ ਹੇਠ ਕਰਾਇਆ ਗਿਆ।ਮੁੱਖ ਮਹਿਮਾਨ ਵਜੋਂ ਸਕੂਲ ਦੇ ਪ੍ਰਿੰਸੀਪਲ ਵਰੁਣ ਸ਼ਰਮਾ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸਕੂਲ ਦੀ ਲੋਕਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸ਼੍ਰੀ ਜੈ ਭਗਵਾਨ ਬਾਂਸਲ ਅਤੇ ਸ਼੍ਰੀ ਸਤਪਾਲ ਜੋਹਰੀ ਸ਼ਾਮਲ ਹੋਏ, ਉਨ੍ਹਾਂ ਦੇ ਨਾਲ ਸਕੂਲ ਦੇ ਸਮੂਹ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵੈਦਿਕ ਪਰੰਪਰਾ ਅਨੁਸਾਰ ਮੰਤਰਾਂ ਦੇ ਜਾਪ ਨਾਲ ਕੀਤੀ ਗਈ।ਨਰਸਰੀ ਤੋਂ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਤੱਕ ਦੀ ਪ੍ਰੀਖਿਆ ਦਾ ਨਤੀਜਾ ਬਹੁਤ ਵਧੀਆ ਰਿਹਾ, ਜਿਸ ਵਿੱਚ ਸਾਰੇ ਬੱਚਿਆਂ ਨੇ ਆਪਣੀ ਕਾਬਲੀਅਤ ਦਿਖਾਉਂਦੇ ਹੋਏ ਚੰਗੇ ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕੀਤਾ।ਇਹ ਨਤੀਜਾ ਸਮੂਹਿਕ ਤੌਰ 'ਤੇ ਘੋਸ਼ਿਤ ਕੀਤਾ ਗਿਆ ਅਤੇ ਸਕੂਲ ਦੇ ਪ੍ਰਿੰਸੀਪਲ ਨੇ ਲੋਕਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਨਾਲ ਅਕਾਦਮਿਕ ਪੱਧਰ 'ਤੇ ਅੱਵਲ ਆਉਣ ਵਾਲੇ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਉਹਨਾ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ।

ਪੰਜਾਬੀ 'ਵਰਸਿਟੀ ਵਿਖੇ ਸ਼ਹੀਦ ਨਾਨਕ ਸਿੰਘ ਯਾਦਗਾਰੀ ਭਾਸ਼ਣ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪੰਜਾਬੀ ਯੂਨੀਵਰਸਿਟੀ ਵਿਖੇ ਗੁਰੂ ਤੇਗ ਬਹਾਦਰ ਰਾਸ਼ਟਰੀ ਏਕਤਾ ਚੇਅਰ ਵੱਲੋਂ '15ਵਾਂ ਸ਼ਹੀਦ ਸਰਦਾਰ ਨਾਨਕ ਸਿੰਘ ਯਾਦਗਾਰੀ ਭਾਸ਼ਣ' ਕਰਵਾਇਆ ਗਿਆ।'ਆਧੁਨਿਕ ਭਾਰਤ ਵਿੱਚ ਇਤਿਹਾਸ ਵਿਸ਼ੇ ਦਾ ਵਿਕਾਸ' ਵਿਸ਼ੇ ਉੱਤੇ ਇਹ ਭਾਸ਼ਣ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਦਿੱਲੀ ਤੋਂ ਪ੍ਰੋਜ਼ ਪ੍ਰੋ. ਐੱਸ. ਬੀ. ਉਪਾਧਿਆਏ ਵੱਲੋਂ ਦਿੱਤਾ ਗਿਆ। ਉਨ੍ਹਾ ਆਪਣੇ ਭਾਸ਼ਣ ਵਿੱਚ ਇਤਿਹਾਸ ਵਿਸ਼ੇ ਦੇ ਆਧੁਨਿਕ ਸਰੂਪ ਨੂੰ ਅਖ਼ਤਿਆਰ ਕਰਨ ਤੇ ਇਸ ਰਾਹ ਵਿੱਚ ਆਏ ਵੱਖ-ਵੱਖ ਪੜਾਵਾਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਤਿਹਾਸ ਹਮੇਸ਼ਾ ਪ੍ਰਮਾਣਿਤ ਸਰੋਤਾਂ ਉੱਤੇ ਅਧਾਰਤ ਤੇ ਰਾਜਨੀਤਕ ਦ੍ਰਿਸ਼ਟੀਕੋਣਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਡੀਨ ਸੋਸ਼ਲ ਸਾਇੰਸਜ਼ ਪ੍ਰੋ. ਡੀ. ਪੀ. ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਅਕਾਦਮਿਕ ਖੇਤਰ ਵਿੱਚ ਇਤਿਹਾਸ ਵਿਸ਼ੇ ਨਾਲ ਜੁੜੇ ਲੋਕਾਂ ਨੂੰ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤੱਥਾਂ ਨੂੰ ਆਪੋ ਆਪਣੇ ਹਿਸਾਬ ਨਾਲ ਵਿਆਖਿਆ ਕਰ ਕੇ ਇਤਿਹਾਸ ਸਿਰਜਣ ਦਾ ਰੁਝਾਨ ਗ਼ਲਤ ਹੈ। ਚੇਅਰ ਮੁਖੀ ਡਾ. ਸੰਦੀਪ ਕੌਰ ਨੇ ਸ਼ਹੀਦ ਸਰਦਾਰ ਨਾਨਕ ਸਿੰਘ ਦੀ ਜ਼ਿੰਦਗੀ ਤੇ ਸੰਘਰਸ਼ ਬਾਰੇ ਚਾਨਣਾ ਪਾਇਆ ਅਤੇ ਪੰਜਾਬੀ ਯੂਨੀਵਰਸਿਟੀ ਦੀ ਗੁਰੂ ਤੇਗ ਬਹਾਦਰ ਰਾਸ਼ਟਰੀ ਏਕਤਾ ਚੇਅਰ ਵੱਲੋਂ ਕਰਵਾਈਆਂ ਜਾਂਦੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਦੱਸਿਆ। ਅੰਤ ਵਿੱਚ ਇਤਿਹਾਸ ਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਤੋਂ ਪ੍ਰੋਫ਼ੈਸਰ ਡਾ. ਦਲਜੀਤ ਸਿੰਘ ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ। ਪ੍ਰੋਗਰਾਮ ਦਾ ਸੰਚਾਲਨ ਡਾ. ਪ੍ਰਨੀਤ ਕੌਰ ਵੱਲੋਂ ਕੀਤਾ ਗਿਆ।

ਬਾਬਾ ਈਸ਼ਰ ਸਿੰਘ ਦੇ ਜਨਮ ਦਿਹਾੜੇ ਸੰਬੰਧੀ ਸਮਾਗਮ ਸੰਪੰਨ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਧੰਨ ਧੰਨ ਬਾਬਾ ਈਸ਼ਰ ਸਿੰਘ ਨਾਨਕਸਰ ਵਾਲਿਆਂ ਦੇ 112ਵੇਂ ਜਨਮ ਦਿਹਾੜੇ ਦੇ ਮਹੀਨਾ ਭਰ ਤੋਂ ਚੱਲ ਰਹੇ ਸਮਾਗਮ ਅੱਜ ਅਖੰਡ ਪਾਠਾਂ ਦੇ ਭੋਗਾਂ ਉਪਰੰਤ ਸਮਾਪਤ ਹੋਏ।ਇਹ ਸਾਰੇ ਸਮਾਗਮ ਸੰਤ ਬਾਬਾ ਕੁੰਦਨ ਸਿੰਘ ਜੀ ਦੇ ਬਾਗ਼ ਦੇ ਸੰਤ ਬਾਬਾ ਗੁਰਚਰਨ ਸਿੰਘ ਜੀ, ਸੰਤ ਬਾਬਾ ਗੁਰਜੀਤ ਸਿੰਘ ਜੀ, ਸੰਤ ਬਾਬਾ ਸੇਵਾ ਸਿੰਘ ਜੀ, ਬਾਬਾ ਬਲਜੀਤ ਸਿੰਘ ਜੀ ਦੀ ਦੇਖ ਰੇਖ ਹੇਠ ਹੋਏ।ਅੱਜ ਸਮਾਗਮਾਂ ਦੀ ਸਮਾਪਤੀ ਸਮੇਂ ਅਖੰਡ ਪਾਠਾਂ ਦੇ ਭੋਗ ਦੀ ਅਰਦਾਸ ਸੰਤ ਬਾਬਾ ਗੁਰਜੀਤ ਸਿੰਘ ਜੀ ਦੁਆਰਾ ਕੀਤੀ ਗਈ।ਗੁਰੂ ਸਾਹਿਬ ਨੂੰ ਚੋਰ ਦੀ ਸੇਵਾ ਸੰਤ ਬਾਬਾ ਗੁਰਚਰਨ ਸਿੰਘ ਦੁਆਰਾ ਕੀਤੀ ਗਈ।ਸ਼ਬਦ ਕੀਰਤਨ ਬਾਬਾ ਸੇਵਾ ਸਿੰਘ ਦੁਆਰਾ ਗਾਇਨ ਕੀਤਾ ਗਿਆ।ਇਨ੍ਹਾਂ ਸਮਾਗਮਾਂ ਦੇ ਰਾਤਰੀ ਦੇ ਦੀਵਾਨ ਵਿੱਚ ਵੱਖ ਵੱਖ ਜੱਥਿਆਂ ਨੇ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਜੀਵਨ ਦੀ ਕਥਾ ਸੁਣਾ ਕਰ ਸੰਗਤਾਂ ਨੂੰ ਨਿਹਾਲ ਕੀਤਾ।ਸਮਾਗਮਾਂ ਦੀ ਸਮਾਪਤੀ ਸਮੇਂ ਸੰਤ ਬਾਬਾ ਗੁਰਜੀਤ ਸਿੰਘ ਨੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਤੇ ਸੰਤ ਬਾਬਾ ਗੁਰਚਰਨ ਸਿੰਘ ਨੇ ਆਈਆਂ ਸਭ ਸੰਗਤਾਂ ਦਾ ਧੰਨਵਾਦ ਕੀਤਾ।ਇਸ ਮੌਕੇ ਬਾਬਾ ਹਰਵਿੰਦਰ ਸਿੰਘ, ਬਾਬਾ ਬਿੰਦਰ ਸਿੰਘ ਰਾਜਸਥਾਨ, ਬਾਬਾ ਬਲਵਿੰਦਰ ਸਿੰਘ ਭੋਰਾ ਸਾਹਿਬ, ਬਾਬਾ ਬਲਜੀਤ ਸਿੰਘ ਬੀਰੀ, ਭਾਈ ਬੂਟਾ ਸਿੰਘ, ਭਾਈ ਹਰਪਾਲ ਸਿੰਘ, ਬਾਬਾ ਲਖਵੀਰ ਸਿੰਘ ਭੈਣੀ, ਭਾਈ ਹਰਜੀਤ ਸਿੰਘ ਮੰਗਾ, ਭਾਈ ਲਖਵਿੰਦਰ ਸਿੰਘ ਦਿੱਲੀ, ਭਾਈ ਮਨਦੀਪ ਸਿੰਘ, ਭਾਈ ਜਗਤਾਰ ਸਿੰਘ, ਭਾਈ ਬਲਜਿੰਦਰ ਸਿੰਘ ਸੰਧੂ, ਭਾਈ ਗੁਰਪ੍ਰੀਤ ਸਿੰਘ ਗੋਪੀ, ਕੇਹਰ ਸਿੰਘ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਹਾਜ਼ਰ ਸਨ।

ਪੰਜਾਬ ਸਰਕਾਰ ਦਾ ਬਜਟ ਸਿਰਫ ਘਾਲ਼ਾ ਮਾਲ਼ਾ : ਕਿਸਾਨ ਆਗੂ

ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਬਜਟ ਲੋਕਾਂ ਨਾਲ ਛਲਾਵਾ ਹੈ, ਇਸ ਤੋਂ ਵੱਧ ਕੁੱਝ ਨਹੀਂ।ਪ੍ਰੈੱਸ ਨੂੰ ਇਹ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ ਤੇ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ ਨੇ ਕਿਹਾ ਕਿ ਚੋਣਾਂ ਜਿੱਤਣ ਵੇਲੇ ਕੇਜਰੀਵਾਲ ਤੇ ਭਗਵੰਤ ਮਾਨ ਦੀ ਜੋੜੀ ਨੇ ਪੰਜਾਬ ਦੇ ਕਿਸਾਨਾਂ ਨਾਲ ਸਭ ਤੋਂ ਵੱਡਾ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ 22 ਫ਼ਸਲਾਂ 'ਤੇ ਐੱਮ ਐੱਸ ਪੀ ਦਿੱਤੀ ਜਾਵੇਗੀ।ਕਿਸਾਨਾਂ ਨੂੰ ਆਪ ਸਰਕਾਰ ਆਉਣ 'ਤੇ ਧਰਨੇ ਨਹੀਂ ਲਾਉਣੇ ਪੈਣਗੇ।ਅੱਜ ਸਰਕਾਰ ਕਿਸਾਨਾਂ ਨੂੰ ਤਾਂ ਕੀ, ਕਿਸੇ ਵੀ ਤਬਕੇ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ।ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਵੀ ਪੂਰਾ ਨਹੀਂ ਹੋ ਰਿਹਾ। ਕਿਸਾਨਾਂ 'ਤੇ ਜ਼ੁਲਮ ਕਰਕੇ ਜੇਲ੍ਹਾਂ ਵਿੱਚ ਸੁੱਟ ਕੇ ਸਗੋਂ ਸਰਕਾਰ ਲਲਕਾਰੇ ਮਾਰ ਰਹੀ ਹੈ।ਉਨ੍ਹਾਂ ਕਿਹਾ ਕਿ ਬਜਟ ਸਿਰਫ਼ ਘਾਲਾ ਮਾਲਾ ਹੀ ਹੈ।ਇਸ ਵਿੱਚ ਕੁੱਝ ਵੀ ਲੋਕ ਪੱਖੀ ਨਹੀਂ।ਇਸ ਕਰਕੇ 28 ਮਾਰਚ ਨੂੰ ਪੰਜਾਬ ਸਰਕਾਰ ਵਿਰੁੱਧ ਐੱਸ ਕੇ ਐੱਮ ਵੱਲੋਂ ਰੋਸ ਪ੍ਰਦਰਸ਼ਨ ਕਰਕੇ ਇਸ ਸਰਕਾਰ ਦਾ ਜ਼ਾਲਮ ਚਿਹਰਾ ਨੰਗਾ ਕੀਤਾ ਜਾਵੇਗਾ।

ਗੁਰੂ ਨਾਨਕ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦਸੰਬਰ 2024 ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਗੁਰੂ ਨਾਨਕ ਕਾਲਜ ਸ਼੍ਰੀ ਮੁਕਤਸਰ ਸਾਹਿਬ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਐੱਮ ਏ ਸਮੈਸਟਰ ਪਹਿਲਾ ਤੇ ਤੀਜਾ ਦਾ ਨਤੀਜਾ ਸੌ ਫੀਸਦੀ ਰਿਹਾ।ਵਿਭਾਗ ਦੇ ਮੁਖੀ ਡਾ. ਰਾਣਾ ਬਲਜਿੰਦਰ ਕੌਰ ਨੇ ਜਾਣਕਾਰੀ ਦਿੱਤੀ ਕਿ ਐੱਮ ਏ ਸਮੈਸਟਰ ਤੀਜਾ ਦੀ ਵਿਦਿਆਰਥਣ ਮਨਦੀਪ ਕੌਰ ਸਪੁੱਤਰੀ ਕੁਲਦੀਪ ਸਿੰਘ ਨੇ 71.25% ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ, ਨਵਜੀਤ ਕੌਰ ਸਪੁੱਤਰੀ ਸੁਰਜੀਤ ਸਿੰਘ ਨੇ 67% ਅੰਕਾਂ ਨਾਲ ਦੂਸਰਾ ਤੇ ਨਗਿੰਦਰ ਸਿੰਘ ਸਪੁੱਤਰ ਜਗਜੀਤ ਸਿੰਘ ਨੇ 63% ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ ਹੈ।ਐੱਮ ਏ ਪੰਜਾਬੀ ਸਮੈਸਟਰ ਪਹਿਲਾ ਦੀ ਵਿਦਿਆਰਥਣ ਅਮਨਦੀਪ ਕੌਰ ਸਪੁੱਤਰੀ ਜਸਕਰਨ ਸਿੰਘ ਨੇ 74.5% ਅੰਕਾਂ ਨਾਲ, ਮਹਿਕ ਰਾਣੀ ਸਪੁੱਤਰੀ ਵਿਜੇ ਕੁਮਾਰ ਨੇ 70.75% ਅੰਕਾਂ ਨਾਲ ਤੇ ਪਵਨਦੀਪ ਕੌਰ ਸਪੁੱਤਰੀ ਲਾਭ ਸਿੰਘ ਨੇ 69.5% ਅੰਕਾਂ ਨਾਲ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਸਰਬਜੀਤ ਕੌਰ ਨੇ ਵਿਦਿਆਰਥੀਆਂ, ਵਿਭਾਗ ਦੇ ਅਧਿਆਪਕ ਸਾਹਿਬਾਨਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੰਦਿਆਂ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।

ਸਹਿਜੋ ਮਾਜਰਾ ਦਾ ਕਬੱਡੀ ਕੱਪ ਮਾਮੂਪੁਰ ਨੇ ਜਿੱਤਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਸਹਿਜੋ ਮਾਜਰਾ ਵਿਖੇ ਮਾਲਵਾ ਸਪੋਰਟਸ ਕਲੱਬ ਵੱਲੋਂ ਸਮੂਹ ਨਗਰ ਨਿਵਾਸੀ ਤੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਪੰਜਵਾਂ ਦੋ ਰੋਜ਼ਾ ਕਬੱਡੀ ਕੱਪ ਕਰਵਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ ਦਰਸ਼ਕਾਂ ਨੇ ਭਾਗ ਲਿਆ। ਦੋ ਰੋਜ਼ਾ ਕਬੱਡੀ ਕੱਪ ਵਿੱਚ 70 ਕਿੱਲੋ ਵਰਗ ਦੀਆਂ 12 ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਸਹਿਜੋ ਮਾਜਰਾ ਏ ਜੇਤੂ ਤੇ ਸਹਿਜੋ ਮਾਜਰਾ ਬੀ ਉੱਪ-ਜੇਤੂ ਰਹੀ, ਜਦਕਿ ਸੱਦਾ ਪੱਤਰ ਵਾਲੀਆਂ 8 ਆਲ ਓਵਰ ਟੀਮਾਂ 'ਚੋਂ ਮਾਮੂਪੁਰ ਜੇਤੂ ਤੇ ਗੜ੍ਹੀ ਤਰਖਾਣਾ ਉੱਪ-ਜੇਤੂ ਰਹੀ। ਕਬੱਡੀ ਕੱਪ ਵਿੱਚ ਆਂਡੀ ਬਨੂੜ ਤੇ ਸੁੱਖਾ ਬਨੂੜ 'ਬੈਸਟ ਰੇਡਰ' ਤੇ ਚੰਨੀ ਮਾਮੂਪੁਰ 'ਬੈਸਟ ਜਾਫ਼ੀ' ਰਿਹਾ। ਕਬੱਡੀ ਕੱਪ ਵਿਚ ਹਲਕਾ ਇੰਚਾਰਜ ਕਾਂਗਰਸ ਰੁਪਿੰਦਰ ਸਿੰਘ ਰਾਜਾ ਗਿੱਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਸ਼ਿਰਕਤ ਕੀਤੀ ਤੇ ਜੇਤੂਆਂ ਨੂੰ ਇਨਾਮ ਵੰਡੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੰਬਰਦਾਰ ਗੁਰਨਾਮ ਸਿੰਘ ਨਾਗਰਾ, ਜਸਵੀਰ ਸਿੰਘ ਸਰਪੰਚ, ਅਮਰੀਕ ਸਿੰਘ, ਹਰਭਜਨ ਸਿੰਘ, ਗੁਰਤੇਜ ਸਿੰਘ, ਲਵਪ੍ਰੀਤ ਸਿੰਘ (ਸਾਰੇ ਪੰਚ), ਯੂਥ ਪ੍ਰਧਾਨ ਦਿਹਾਤੀ ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਸੁਖਜਿੰਦਰਪਾਲ ਸਿੰਘ, ਕੰਵਲਪ੍ਰੀਤ ਸਿੰਘ ਢਿੱਲੋਂ, ਲਖਵਿੰਦਰ ਸਿੰਘ ਸਿੱਧੂ, ਜਰਨੈਲ ਸਿੰਘ, ਸੁਖਜਿੰਦਰ ਸਿੰਘ ਮੋਨਾ, ਬੂਟਾ ਸਿੰਘ, ਸਤਨਾਮ ਸਿੰਘ ਸੋਨੀ, ਗੁਰਜਿੰਦਰ ਸਿੰਘ ਭੋਲੂ, ਨਛੱਤਰ ਸਿੰਘ, ਪ੍ਰਕਾਸ਼ ਸਿੰਘ, ਮਹਿੰਦਰਪਾਲ, ਸਵਰਨ ਸਿੰਘ ਸਾਬਕਾ ਸਰਪੰਚ, ਜਸਪਾਲ ਸਿੰਘ ਬਿੱਲੂ, ਸੁਰਿੰਦਰ ਸਿੰਘ ਸਾਬਕਾ ਸਰਪੰਚ ਆਦਿ ਮੌਜੂਦ ਸਨ। ਸਮਾਗਮ ਦੇ ਅਖੀਰ ਵਿੱਚ ਲਖਵਿੰਦਰ ਸਿੰਘ ਸਿੱਧੂ ਨੇ ਪ੍ਰਵਾਸੀ ਭਰਾਵਾਂ, ਖਿਡਾਰੀਆਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਕਬੱਡੀ ਕੱਪ ਵਿੱਚ ਅੰਤਰਰਾਸ਼ਟਰੀ ਬੁਲਾਰਿਆਂ ਹਰਜੀਤ ਲੱਲਕਲਾਂ, ਗਗਨ ਜਟਾਣਾ, ਗੁਰੀ ਖੰਨਾ, ਅਮਰੀਕ ਘੁਮਾਣਾ ਨੇ ਲੱਛੇਦਾਰ ਕੁਮੈਂਟਰੀ ਕੀਤੀ।

ਸੜਕ ਬਣਾਉਣ ਤੋਂ ਪਹਿਲਾਂ ਵਾਟਰ ਸਪਲਾਈ ਪਾਉਣ ਦੀ ਮੰਗ

ਬਰੇਟਾ (ਗੀਤਵਾਲ)-ਸਥਾਨਕ ਸ਼ਹਿਰ ਦੇ ਵਾਰਡ ਨੰਬਰ 7 ਵਿੱਚ ਜਲਵੇੜਾ ਰੋਡ ਤੇ ਪੰਜਾਬ ਸਰਕਾਰ ਦੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਪੰਜਾਬ ਸਰਕਾਰ ਦਾ ਪੈਸਾ ਬਰਬਾਦ ਕਰਦੇ ਹੋਏ ਵਾਟਰ ਸਪਲਾਈ ਦੀਆਂ ਪਾਇਪਾਂ ਪਾਉਣ ਤੋਂ ਬਿਨਾਂ ਹੀ ਸੜਕ ਬਣਾਈ ਜਾ ਰਹੀ ਹੈ, ਜਦੋਂਕਿ ਨਿਯਮ ਇਹ ਹੈ ਕਿ ਵਾਟਰ ਸਪਲਾਈ ਤੋਂ ਬਿਨਾਂ ਸੜਕ ਨਹੀਂ ਬਣ ਸਕਦੀ।ਇਸ ਸਬੰਧੀ ਮੁਹੱਲਾ ਵਾਸੀ ਜੁਪਿੰਦਰ ਪਾਲ ਸਿੰਘ, ਸੁਸ਼ੀਲ ਕੁਮਾਰ, ਰਣਧੀਰ ਸ਼ਰਮਾ ਤੇ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਨਗਰ ਕੌਂਸਲ ਬਰੇਟਾ ਦੇ ਕਾਰਜ ਸਾਧਕ ਅਫਸਰ ਨੂੰ ਦਰਖਾਸਤ ਦੇਣ ਉਪਰੰਤ ਮੰਗ ਕੀਤੀ ਹੈ ਕਿ ਵਾਰਡ ਨੰਬਰ 7 ਵਿੱਚ ਜਲਵੇੜਾ ਰੋਡ 'ਤੇ ਬਣ ਰਹੀ ਸੜਕ ਦਾ ਕੰਮ ਰੋਕ ਕੇ ਪਹਿਲਾਂ ਵਾਟਰ ਸਪਲਾਈ ਦੀਆਂ ਪਾਇਪਾਂ ਪਾਈਆਂ ਜਾਣ ਤਾਂ ਕਿ ਪੰਜਾਬ ਸਰਕਾਰ ਦਾ ਸੜਕ 'ਤੇ ਲਗਾਇਆ ਗਿਆ ਖਰਚਾ ਵਿਅਰਥ ਨਾ ਜਾਵੇ, ਕਿਉਂਕਿ ਵਾਟਰ ਸਪਲਾਈ ਦੀਆਂ ਪਾਇਪਾਂ ਪਾਉਣ ਸਮੇਂ ਫਿਰ ਸੜਕ ਨੂੰ ਪੁੱਟਿਆ ਜਾਵੇਗਾ।ਮੁਹੱਲਾ ਵਾਸੀਆਂ ਵੱਲੋਂ ਪੰਜਾਬ ਸਰਕਾਰ ਤੇ ਸਬੰਧਤ ਅਧਿਕਾਰੀਆਂ ਤੋਂ ਵਾਰ ਵਾਰ ਮੰਗ ਕੀਤੀ ਜਾਂਦੀ ਹੈ ਕਿ ਵਾਟਰ ਸਪਲਾਈ ਦੀਆਂ ਪਾਇਪਾਂ ਪਾਉਣ ਉਪਰੰਤ ਹੀ ਸੜਕ ਦਾ ਨਿਰਮਾਣ ਕੀਤਾ ਜਾਵੇ।ਇਸ ਮਾਮਲੇ 'ਚ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਜੇ ਈ ਰਮਣੀਕ ਨਾਲ ਗੱਲ ਕਰਨ 'ਤੇ ਇਸ ਸੜਕ 'ਤੇ ਵਾਟਰ ਸਪਲਾਈ ਦੀਆਂ ਪਾਇਪਾਂ ਨਹੀਂ ਪਾਈਆਂ ਹੋਈਆਂ ਤੇ ਜਲਦ ਹੀ ਵਾਟਰ ਸਪਲਾਈ ਦੇ ਟੈਂਡਰ ਲੱਗ ਜਾਣਗੇ।

ਟੁੱਟੇ ਖਾਲ ਦੀ ਮੁਰੰਮਤ ਨਾ ਹੋਣ 'ਤੇ ਕਿਸਾਨਾਂ ਵੱਲੋਂ ਨਾਅਰੇਬਾਜ਼ੀ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿਛਲੇ ਕਈ ਸਾਲਾਂ ਤੋਂ ਬੁਰੀ ਤਰ੍ਹਾਂ ਟੁੱਟ ਚੁੱਕੇ ਸਿੰਚਾਈ ਖਾਲ ਨੂੰ ਬਣਵਾਉਣ ਲਈ ਸਰਕ

28 Mar Page-3.qxd 3/27/2025 11:20 PM Page 1

26 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਜਾਂਚ ਪੜਤਾਲ ਦੌਰਾਨ ਉਪ ਕਪਤਾਨ ਪੁਲਸ ਦਿਹਾਤੀ ਗੁਰਦਾਸਪੁਰ ਨੇ ਪਾਇਆ ਕਿ ਨਵਨੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਕਾਦੀਆਂ ਨੇ ਸ਼ਿਕਾਇਤ ਕਰਤਾ ਸੁਰਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਫੇਰੋਚੇਚੀ ਦੇ ਲੜਕੇ ਅਤੇ ਨੂੰਹ ਨੂੰ ਵਿਦੇਸ਼ ਇੰਗਲੈਂਡ ਭੇਜਣ ਵਾਸਤੇ ਕਰੀਬ 26 ਲੱਖ ਰੁਪਏ ਦੀ ਰਕਮ ਹਾਸਲ ਕਰਕੇ ਨਾ ਤਾਂ ਬੱਚਿਆਂ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਉਕਤ ਏਜੰਟ ਨੇ ਵਿਦੇਸ਼ ਇੰਗਲੈਂਡ ਭੇਜਣ ਦਾ ਝਾਂਸਾ ਦੇ ਕੇ ਰਕਮ ਕਰੀਬ 26 ਲੱਖ ਰੁਪਏ ਦੀ ਠੱਗੀ ਮਾਰੀ ਹੈ। ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਉਕਤ ਏਜੰਟ ਖ਼ਿਲਾਫ਼ ਜ਼ੇਰੇ ਧਾਰਾ 420 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਣਅਧਿਕਾਰਤ ਕਲੋਨੀ ਖ਼ਿਲਾਫ਼ ਕਾਰਵਾਈ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ) - ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਅਣ-ਅਧਿਕਾਰਤ ਕਲੋਨੀਆਂ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਅੱਜ ਗੁਰਜਿੰਦਰ ਸਿੰਘ ਸਰੋਆ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਸ੍ਰੀਮਤੀ ਰਿਤਿਕਾ ਅਰੋੜਾ, ਜ਼ਿਲ੍ਹਾ ਨਗਰ ਯੋਜਨਾਕਾਰ ਗੁਰਦਾਸਪੁਰ ਦੀ ਟੀਮ ਵੱਲੋਂ ਪੁਨੀਤ ਡਿਗਰਾ, ਸਹਾਇਕ ਨਗਰ ਯੋਜਨਾਕਾਰ, ਦਵਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ ਅਤੇ ਜ਼ਿਲ੍ਹਾ ਪ੍ਰਸ਼ਾਸਨ/ਰੈਗੂਲੇਟਰੀ ਦੀ ਸਾਂਝੀ ਟੀਮ ਵੱਲੋਂ ਪਾਪਰਾ ਐਕਟ 1995 ਦੀ ਉਲੰਘਣਾ ਕਰਦੇ ਹੋਏ ਦੀਨਾਨਗਰ ਦੇ ਪਿੰਡ ਸੱਮੁਚੱਕ ਵਿਖੇ ਹੋਂਦ ਵਿੱਚ ਆਈ ਅਣ-ਅਧਿਕਾਰਤ ਕਲੋਨੀ ਨੂੰ ਜੇ.ਸੀ.ਬੀ. ਮਸ਼ੀਨ ਨਾਲ ਢਾਹ ਦਿੱਤਾ ਗਿਆ ।ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਦੀਨਾਨਗਰ ਦੇ ਪਿੰਡ ਸੱਮੁਚੱਕ ਵਿਖੇ ਵਿਕਸਿਤ ਕੀਤੀ ਗਈ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਅਣ-ਅਧਿਕਾਰਤ ਕਾਲੋਨੀਆਂ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ 'ਤੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।ਵਧੀਕ ਡਿਪਟੀ ਕਮਿਸ਼ਨਰ ਡਾ. ਬੇਦੀ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਸਰਕਾਰ ਤੋਂ ਮਨਜ਼ੂਰਸ਼ੁਦਾ ਨਹੀਂ ਹਨ, ਵਿੱਚ ਪਲਾਟ ਬਿਲਕੁਲ ਨਾ ਖ਼ਰੀਦਣ ਅਤੇ ਕਿਸੇ ਵੀ ਕਲੋਨੀ ਵਿੱਚ ਪਲਾਟ ਖ਼ਰੀਦਣ ਤੋਂ ਪਹਿਲਾਂ ਕਲੋਨੀ ਮਾਲਕ ਕੋਲੋਂ ਸਰਕਾਰ ਵੱਲੋਂ ਦਿੱਤੀ ਮਨਜ਼ੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ-ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਨੇ ਕਿਹਾ ਕਿ ਪੁੱਡਾ ਦੇ ਖੇਤਰ ਵਿੱਚ 19 ਮਾਰਚ 2018 ਤੋਂ ਪਹਿਲਾਂ ਦੀਆਂ ਜੋ ਵੀ ਅਣ-ਅਧਿਕਾਰਤ ਕਲੋਨੀਆਂ ਅਪਲਾਈਡ ਹਨ, ਉਹ ਕਲੋਨਾਈਜ਼ਰ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਂਦੇ ਹੋਏ ਤੁਰੰਤ ਆਪਣੀਆਂ ਕਲੋਨੀਆਂ ਨੂੰ ਰੈਗੂਲਰ ਕਰਵਾਉਣ ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਲੋਨਾਈਜ਼ਰ/ਪ੍ਰਮੋਟਰ ਵਿਭਾਗ ਦੀ ਬਿਨਾਂ ਪ੍ਰਵਾਨਗੀ ਲਏ ਕੋਈ ਉਸਾਰੀ ਕਰਦਾ ਹੈ ਤਾਂ ਉਨ੍ਹਾਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕਾਰ ਸਵਾਰ ਨੌਜਵਾਨ 35 ਗ੍ਰਾਮ ਹੈਰੋਇਨ ਸਮੇਤ ਕਾਬੂ

ਨਵਾਂਸ਼ਹਿਰ (ਮਨੋਜ ਲਾਡੀ) ਪੁਲਸ ਵਲੋਂ ਇਕ ਕਾਰ ਸਵਾਰ ਨੌਜਵਾਨ ਨੂੰ 35 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ ਗਿਆ ਹੈ। ਪੁਲਸ ਥਾਣਾ ਸਿਟੀ ਬੰਗਾ ਵਿਖੇ ਦਰਜ ਮਾਮਲੇ ਅਨੁਸਾਰ ਐੱਸਆਈ ਜਸਵੀਰ ਸਿੰਘ ਸੀਆਈਏ ਸਟਾਫ ਨਵਾਂਸ਼ਹਿਰ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਸੀਆਈਏ ਤੋਂ ਬੰਗਾ ਨੂੰ ਜਾ ਰਹੇ ਸੀ ਤਾਂ ਪਿੰਡ ਜੀਦੋਵਾਲ ਇੱਕ ਕਾਲੇ ਰੰਗ ਦੀ ਗੱਡੀ ਖੜੀ ਦਿਖਾਈ ਦਿੱਤੀ। ਗੱਡੀ ਵਿਚ ਬੈਠੇ ਨੌਜਵਾਨ ਨੂੰ ਗੱਡੀ ਵਿੱਚੋ ਉਤਾਰ ਕੇ ਉਸਦੇ ਹੱਥ ਵਿਚ ਫੜੀ ਪਾਰਦਰਸ਼ੀ ਨੂੰ ਚੈੱਕ ਕੀਤਾ। ਜਿਸ ਵਿੱਚੋਂ 35 ਗ੍ਰਾਮ ਹੈਰੋਇਨ ਬਰਾਮਦ ਹੋਈ ਅਤੇ ਉਕਤ ਨੌਜਵਾਨ ਦੀ ਪਛਾਣ ਅਮਿਤ ਕੁਮਾਰ ਪੁੱਤਰ ਰਾਮ ਰਾਜ ਵਾਸੀ ਚੱਕ ਹਿਆਤ ਨਗਰ ਥਾਣਾ ਔਰਾਸ ਜ਼ਿਲ੍ਹਾ ਉਨਾਉ ਉੱਤਰ ਪ੍ਰਦੇਸ਼ ਹਾਲ ਵਾਸੀ ਮਕਾਨ ਨੰਬਰ 1457 ਮੋਹਾਲੀ ਥਾਣਾ ਫੇਸ 11 ਵਜੋਂ ਹੋਈ ਹੈ। ਉਸ ਤੋਂ ਬਾਅਦ ਗੱਡੀ ਮਾਰਕਾ ਬਰੀਜਾ ਰੰਗ ਕਾਲਾ ਨੰਬਰੀ ਯੂਪੀ 35 ਬੀਯੂ 4060 ਬਿਨਾਂ ਕਾਗਜਾਤ ਦੀ ਤਲਾਸ਼ੀ ਲੈਣ ਤੇ ਉਸ ਵਿੱਚੋਂ ਇੱਕ ਛੋਟਾ ਇਲੈਕਟ੍ਰਿਕ ਕੰਡਾ, ਦੱਸ ਰੁਪਏ ਦੇ ਨੋਟ ਦੀ ਬਣੀ ਹੋਈ ਪਾਈਪ ਅਤੇ ਪੰਨੀ ਮਿਲੇ। ਜਿਸ 'ਤੇ ਉਕਤ ਨੌਜਵਾਨ ਅਮਿਤ ਕੁਮਾਰ ਖਿਲਾਫ ਜੇਰੇ ਧਾਰਾ 21 ਐਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਖ਼ੁਸ਼ਹਾਲ ਤੇ ਰੰਗਲੇ ਪੰਜਾਬ ਦੀ ਸਿਰਜਣਾ 'ਚ ਬਜਟ ਅਹਿਮ ਭੂਮਿਕਾ ਨਿਭਾਵੇਗਾ : ਸੇਖਵਾਂ

ਗੁਰਦਾਸਪੁਰ (ਜਨਕ ਮਹਾਜਨ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਵਿੱਤੀ ਸਾਲ 2025-26 ਦਾ ਬਜਟ ਵਿਕਾਸ ਪੱਖੀ ਅਤੇ ਲੋਕ ਪੱਖੀ ਹੈ, ਜੋ ਸਮਾਜ ਦੇ ਹਰ ਵਰਗ ਦੀ ਭਲਾਈ, ਉੱਨਤੀ ਅਤੇ ਤਰੱਕੀ ਨੂੰ ਅਹਿਮੀਅਤ ਦਿੰਦਾ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਬਜਟ ਵਿੱਚ ਸੂਬੇ ਦੇ ਹਰ ਵਰਗ ਦਾ ਧਿਆਨ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਵਲੋਂ ਪੇਸ਼ ਕੀਤਾ ਗਿਆ ਬਜਟ ਪੰਜਾਬ ਸਰਕਾਰ ਦੀ ਸਿੱਖਿਆ ਪ੍ਰਤੀ ਚੰਗੀ ਅਤੇ ਭਵਿੱਖਮੁਖੀ ਸੋਚ ਨੂੰ ਦਰਸਾਉਂਦਾ ਹੈ ਅਤੇ ਸਿੱਖਿਆ, ਸਿਹਤ, ਕਿਸਾਨੀ, ਰੁਜ਼ਗਾਰ, ਖੇਡਾਂ ਸਮੇਤ ਹਰ ਖੇਤਰ ਨੂੰ ਸਮਰਪਤ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਲੋਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਮਿਸਾਲੀ ਕਾਰਜ ਕੀਤੇ ਗਏ ਹਨ ਅਤੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਖੇਡਾਂ ਵਾਸਤੇ 979 ਕਰੋੜ ਰੁਪਏ ਦਾ ਬਜਟ ਰੱਖਣਾ ਚੰਗੀ ਗੱਲ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕ ਹਿਤ ਵਿੱਚ ਕਾਰਜ ਕਰਕੇ ਦਿਖਾਏ ਹਨ ਅਤੇ ਸੂਬੇ ਵਿੱਚ ਵੱਡੇ ਪੱਧਰ 'ਤੇ ਵਿਕਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ, ਜਿਸ ਵਿੱਚ ਇਹ ਬਜਟ ਮਹੱਤਵਪੂਰਨ ਭੂਮਿਕਾ ਨਿਭਾਵੇਗਾ। ਸੇਖਵਾਂ ਨੇ ਖ਼ੁਸ਼ਹਾਲ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਪੇਸ਼ ਕੀਤੇ ਗਏ ਬਜਟ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਮੂਹ ਪੰਜਾਬੀਆਂ ਨੂੰ ਵਧਾਈਆਂ ਦਿੱਤੀਆਂ ਹਨ।

ਖੇਤੀ ਪਸਾਰ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਨੁੱਕੜ ਮੀਟਿੰਗਾਂ

ਗੁਰਦਾਸਪੁਰ (ਜਨਕ ਮਹਾਜਨ)- ਕਿਸਾਨਾਂ ਨੂੰ ਤਕਨੀਕੀ ਤੌਰ 'ਤੇ ਮਜ਼ਬੂਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿਮ ਤਹਿਤ ਕਿਸਾਨਾਂ ਖ਼ਾਸ ਕਰਕੇ ਛੋਟੇ ਕਿਸਾਨਾਂ ਦੀਆਂ ਖੇਤੀ ਅਤੇ ਫ਼ਸਲਾਂ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ 10 ਬਲਾਕਾਂ ਦੇ ਸਮੂਹ ਸਰਕਲਾਂ ਵਿਚ ਪ੍ਰਤੀ ਸਰਕਲ ਇਕ ਪਿੰਡ ਵਿੱਚ ਕਿਸਾਨਾਂ ਨਾਲ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ ਤਾਂ ਜੋ ਜ਼ਿਲ੍ਹਾ ਗੁਰਦਾਸਪੁਰ ਅੰਦਰ ਖੇਤੀ ਪਸਾਰ ਸੇਵਾਵਾਂ ਨੂੰ ਮਜ਼ਬੂਤ ਕਰਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਸਿਫ਼ਾਰਸ਼ ਕੀਤੀਆਂ ਨਵੀਨਤਮ ਖੇਤੀ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਇਆ ਜਾ ਸਕੇ। ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਨੁੱਕੜ ਮੀਟਿੰਗਾਂ ਵਿੱਚ ਕਿਸਾਨਾਂ ਨੂੰ ਝੋਨੇ ਦੀਆਂ ਪ੍ਰਮਾਣਿਤ ਕਿਸਮਾਂ ਦੀ ਹੀ ਬਿਜਾਈ ਕਰਨ, ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਕਿਸਾਨਾਂ ਨੂੰ ਨਸ਼ਿਆਂ ਦੇ ਮਨੁੱਖੀ ਜੀਵਨ 'ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ, ਕਣਕ ਦਾ ਬੀਜ ਖ਼ੁਦ ਤਿਆਰ ਕਰਨ, ਕਣਕ ਅਤੇ ਹੋਰਨਾਂ ਫ਼ਸਲਾਂ ਵਿਚ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ, ਜੈਵਿਕ ਖੇਤੀ, ਸਵੈ ਮੰਡੀਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੀਟਿੰਗਾਂ ਦੌਰਾਨ ਕਿਸਾਨ ਆਪਣੀਆਂ ਫ਼ਸਲਾਂ ਨਾਲ ਸਬੰਧਤ ਸਮੱਸਿਆਵਾਂ ਲੈ ਕੇ ਆਉਂਦੇ ਹਨ ਜਿਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਂਦਾ ਹੈ, ਇਸ ਦੇ ਨਾਲ ਹੀ ਖੇਤੀ ਮਾਹਰ ਖੇਤਾਂ ਵਿਚ ਪਹੁੰਚ ਕੇ ਫ਼ਸਲਾਂ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਕਰਦੇ ਹਨ ਤਾਂ ਜੋ ਕਿਸਾਨਾਂ ਦੀ ਖੇਤੀ ਸਮੱਗਰੀ ਵਿਕ੍ਰੇਤਾਵਾਂ 'ਤੇ ਨਿਰਭਰਤਾ ਘਟਾਈ ਜਾ ਸਕੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਪੀ. ਐੱਮ. ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਲੈਂਡ ਸੀਡਿੰਗ ਅਤੇ ਈ ਕੇ ਵਾਈ ਸੀ ਬਾਰੇ ਆ ਰਹੀਆਂ ਮੁਸ਼ਕਲਾਂ ਦਾ ਹੱਲ ਵੀ ਕੀਤਾ ਜਾਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਪੂਰੇ ਜ਼ਿਲ੍ਹੇ ਅੰਦਰ 33 ਪਿੰਡਾਂ ਵਿਚ ਕਿਸਾਨਾਂ ਨਾਲ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ । ਇਸ ਦੇ ਨਾਲ ਹੀ ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਖ਼ੁਦ ਵੀ ਆਪਣੀ ਫ਼ਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣ ਅਤੇ ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਜ਼ਰ ਆਉਂਦੀ ਹੈ ਤਾਂ ਤੁਰੰਤ ਖੇਤੀਬਾੜੀ ਮਾਹਰਾਂ ਨਾਲ ਸੰਪਰਕ ਕੀਤਾ ਜਾਵੇ।

ਸੰਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਵਰਲਡ ਥਿਏਟਰ ਡੇ ਮਨਾਇਆ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਅੱਜ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਰਲਡ ਥਿਏਟਰ ਡੇ ਮਨਾਇਆ ਗਿਆ।ਜਿਸ ਤਹਿਤ ਸਕੂਲ ਦੀ ਅਸੈਂਬਲੀ ਵਿੱਚ ਹੀ ਬੱਚਿਆਂ ਵੱਲੋਂ ਇੱਕ ਸ਼ਾਨਦਾਰ ਨਾਟਕ ਪੇਸ਼ ਕੀਤਾ ਗਿਆ।ਇਸ ਨਾਟਕ ਵਿੱਚ ਟਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਾ ਸੰਦੇਸ਼ ਅਤੇ 18 ਸਾਲ ਤੋਂ ਘੱਟ ਉਮਰ ਵਿੱਚ ਬੱਚਿਆਂ ਵੱਲੋਂ ਮੋਟਰਸਾਈਕਲ ਜਾਂ ਕਾਰ ਜਾਂ ਕੋਈ ਵਾਹਨ ਚਲਾਉਣ ਦੇ ਗੰਭੀਰ ਨਤੀਜੇ ਨਿਕਲਣ ਬਾਰੇ ਦਿਖਾਇਆ ਗਿਆ। ਇਸ ਨਾਟਕ ਵਿੱਚ ਬੱਚਿਆਂ ਨੇ ਦਿਖਾਇਆ ਕਿ 18 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਕਿਸ ਤਰ੍ਹਾਂ ਗਲਤ ਡਰਾਈਵਿੰਗ ਕਰਕੇ ਆਪਣੇ ਆਪ ਨੂੰ ਅਤੇ ਆਪਣੇ ਮਾਤਾ ਪਿਤਾ ਨੂੰ ਕਿੰਨੀ ਵੱਡੀ ਪਰੇਸ਼ਾਨੀ ਵਿੱਚ ਪਾ ਦਿੰਦੇ ਹਨ ।ਇਸ ਮੌਕੇ ਸਕੂਲ ਦੇ ਐਮ ਡੀ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਬੱਚਿਆਂ ਨੂੰ ਨਾਟਕ ਵਿਚਲੇ ਦਿੱਤੇ ਸੰਦੇਸ਼ ਨੂੰ ਅਪਣਾਉਣ ਲਈ ਕਿਹਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਨਾਟਕ ਖੇਡਣ ਵਾਲੇ ਬੱਚਿਆਂ ਰਹਿਮਤ ਕੌਰ, ਜਸਕਰਨ ਸਿੰਘ, ਏਕਮਪ੍ਰੀਤ ਸਿੰਘ, ਖੁਸ਼ਦੀਪ ਕੌਰ, ਸਵਰੀਨ ਕੌਰ, ਯੱਧਬੀਰ ਸਿੰਘ, ਸਮਰਪ੍ਰੀਤ ਸਿੰਘ, ਕੁਸ਼ਲ ਕੁਮਾਰ ਅਤੇ ਉਹਨਾਂ ਦੇ ਅਧਿਆਪਕਾਂ ਸਿਕੰਦਰ ਸਿੰਘ ਅਤੇ ਜਸਬੀਰ ਸਿੰਘ ਦੀ ਮਿਹਨਤ ਨੂੰ ਸਰਾਹਿਆ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ ਨਿਲਾਕਸ਼ੀ ਗੁਪਤਾ ਕੋਆਰਡੀਨੇਟਰ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

ਹਰ ਦੋ ਤੋਂ ਤਿੰਨ ਸਾਲ ਬਾਅਦ ਮਿੱਟੀ ਪਰਖ ਕਰਾ ਲਈ ਜਾਵੇ : ਡਾ. ਭੁਪਿੰਦਰ ਸਿੰਘ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)- ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾ

28-March-PAGE-4.qxd 3/27/2025 11:15 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 28 ਮਾਰਚ 2025

ਪੱਤਰਕਾਰ 'ਤੇ ਦਮਨ

ਆਸਾਮ ਦੀ ਰਾਜਧਾਨੀ ਗੁਹਾਟੀ 'ਚ ਸੀਨੀਅਰ ਪੱਤਰਕਾਰ ਦਿਲਾਵਰ ਹੁਸੈਨ ਮਜੂਮਦਾਰ ਨੂੰ ਮੰਗਲਵਾਰ ਰਾਤ ਪੁਲਸ ਨੇ ਗ੍ਰਿਫਤਾਰ ਕਰ ਲਿਆ, ਜਦੋਂ ਉਹ ਆਸਾਮ ਕੋਆਪ੍ਰੇਟਿਵ ਅਪੈਕਸ ਬੈਂਕ (ਏ ਸੀ ਏ ਬੀ) ਖਿਲਾਫ ਇੱਕ ਮੁਜ਼ਾਹਰੇ ਨੂੰ ਕਵਰ ਕਰਕੇ ਘਰ ਪਰਤਿਆ ਸੀ। ਇਸ ਬੈਂਕ ਦੇ ਡਾਇਰੈਕਟਰ ਸੂਬੇ ਦੇ ਮੁੱਖ ਮੰਤਰੀ ਬਿਸਵਾ ਸਰਮਾ ਹਨ ਤੇ ਇਸ ਦੇ ਚੇਅਰਮੈਨ ਭਾਜਪਾ ਵਿਧਾਇਕ ਬਿਸਵਜੀਤ ਫੁਕਨ ਹਨ। ਪੱਤਰਕਾਰਾਂ ਨੇ ਡਿਜੀਟਲ ਮੀਡੀਆ ਪੋਰਟਲ 'ਦੀ ਕਰਾਸਕਰੰਟ' ਦੇ ਚੀਫ ਰਿਪੋਰਟਰ ਮਜੂਮਦਾਰ ਦੀ ਗ੍ਰਿਫਤਾਰੀ ਖਿਲਾਫ ਬੁੱਧਵਾਰ ਪ੍ਰੈੱਸ ਕਲੱਬ ਦੇ ਬਾਹਰ ਪ੍ਰਦਰਸ਼ਨ ਕਰਕੇ ਗ੍ਰਿਫਤਾਰੀ ਨੂੰ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਤੇ ਆਸਾਮ ਪੁਲਸ ਦੀ ਧੱਕੇਸ਼ਾਹੀ ਦੀ ਨਿੰਦਾ ਕੀਤੀ। ਕਾਂਗਰਸ, ਰਾਇਜ਼ੋਰ ਦਲ ਤੇ ਆਸਾਮ ਜਾਤੀ ਪ੍ਰੀਸ਼ਦ ਵਰਗੀਆਂ ਆਪੋਜ਼ੀਸ਼ਨ ਪਾਰਟੀਆਂ ਨੇ ਵੀ ਮਜੂਮਦਾਰ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਹੈ। ਪੋਰਟਲ ਦੇ ਸੰਪਾਦਕ ਅਰੂਪ ਕਲਿਤਾ ਨੇ ਕਿਹਾ ਹੈ ਕਿ ਗ੍ਰਿਫਤਾਰੀ ਸੱਚ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਦਿਲਾਵਰ ਨੇ ਸਿਰਫ ਆਪਣਾ ਕੰਮ ਕੀਤਾ ਹੈ।

ਦਰਅਸਲ ਏ ਸੀ ਏ ਬੀ ਵਿੱਚ ਕਥਿਤ ਬੇਨੇਮੀਆਂ ਖਿਲਾਫ ਆਸਾਮ ਜਾਤੀ ਪ੍ਰੀਸ਼ਦ ਦੇ ਯੂਥ ਵਿੰਗ 'ਜਾਤੀ ਯੁਵਾ ਸ਼ਕਤੀ' ਨੇ ਮੰਗਲਵਾਰ ਗੁਹਾਟੀ ਵਿੱਚ ਬੈਂਕ ਦੇ ਹੈੱਡਕੁਆਰਟਰ ਅੱਗੇ ਮੁਜ਼ਾਹਰਾ ਕੀਤਾ ਸੀ। ਇਸ ਦੌਰਾਨ ਮਜੂਮਦਾਰ ਨੇ ਉੱਥੇ ਮੌਜੂਦ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਡੋਮਬਾਰੂ ਸੈਕੀਆ ਤੋਂ ਕੁਝ ਸਵਾਲ ਪੁੱਛੇ। ਇੱਕ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਸੈਕੀਆ ਨੇ ਜਵਾਬ ਦੇਣ ਦੀ ਥਾਂ ਮਜੂਮਦਾਰ ਨੂੰ ਆਪਣੇ ਦਫਤਰ ਵਿੱਚ ਆਉਣ ਲਈ ਕਿਹਾ। ਇਸ ਦੇ ਕੁਝ ਘੰਟਿਆਂ ਬਾਅਦ ਪਾਨ ਬਾਜ਼ਾਰ ਥਾਣੇ ਦੀ ਪੁਲਸ ਨੇ ਉਸ ਨੂੰ ਚੁੱਕ ਲਿਆ। ਉਸ 'ਤੇ ਮੁਜਰਮਾਨਾ ਧਮਕੀ ਦੇਣ ਅਤੇ ਅਨੁਸੂਚਿਤ ਜਾਤੀ/ ਜਨਜਾਤੀ (ਅੱਤਿਆਚਾਰ ਨਿਵਾਰਨ) ਕਾਨੂੰਨ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਹੈ। ਸ਼ਿਕਾਇਤ ਬੈਂਕ ਦੇ ਸਕਿਉਰਿਟੀ ਗਾਰਡ ਵੱਲੋਂ ਕੀਤੀ ਗਈ, ਜਿਸ ਦਾ ਕਹਿਣਾ ਹੈ ਕਿ ਮਜੂਮਦਾਰ ਨੇ ਉਸ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ। ਮਜੂਮਦਾਰ ਆਸਾਮ ਦੇ ਉਨ੍ਹਾਂ ਪੱਤਰਕਾਰਾਂ ਵਿੱਚ ਸ਼ਾਮਲ ਹੈ, ਜਿਹੜੇ ਸਰਕਾਰ ਦੀਆਂ ਨੀਤੀਆਂ ਤੇ ਭ੍ਰਿਸ਼ਟਾਚਾਰ ਖਿਲਾਫ ਨਿਡਰਤਾ ਨਾਲ ਸਵਾਲ ਉਠਾਉਂਦੇ ਹਨ। 'ਦੀ ਕਰਾਸਕਰੰਟ' ਪੋਰਟਲ ਨੇ ਪਹਿਲਾਂ ਵੀ ਮੁੱਖ ਮੰਤਰੀ ਬਿਸਵਾ ਤੇ ਉਸ ਦੀ ਪਤਨੀ ਰਿਨਿਕੀ ਭੂਈਆ ਸਰਮਾ ਨਾਲ ਜੁੜੇ ਵਿਵਾਦਾਂ ਦੀਆਂ ਖਬਰਾਂ ਨਸ਼ਰ ਕੀਤੀਆਂ ਹਨ। 2022 ਵਿੱਚ ਪੋਰਟਲ ਨੇ ਖਬਰ ਚਲਾਈ ਸੀ ਕਿ ਸਰਮਾ ਦੇ ਸਿਹਤ ਮੰਤਰੀ ਹੁੰਦਿਆਂ ਉਸ ਦੀ ਪਤਨੀ ਦੀ ਫਰਮ ਨੂੰ ਕੋਰੋਨਾ ਮਹਾਂਮਾਰੀ ਦੌਰਾਨ ਪੀ ਪੀ ਆਈ ਕਿੱਟ ਦੀ ਸਪਲਾਈ ਲਈ ਤੱਤਕਾਲ ਆਰਡਰ ਦਿੱਤੇ ਗਏ ਸਨ। ਇਸ ਦੇ ਇਲਾਵਾ ਮਜੂਮਦਾਰ ਨੇ ਏ ਸੀ ਏ ਬੀ ਵਿੱਚ ਕਥਿਤ ਬੇਨੇਮੀਆਂ ਬਾਰੇ ਕਈ ਲੇਖ ਲਿਖੇ ਸਨ। ਉਸ ਦੀ ਗ੍ਰਿਫਤਾਰੀ ਨੂੰ ਲੋਕ ਸਰਕਾਰ ਦੀ ਬਦਲਾਖੋਰੀ ਮੰਨ ਰਹੇ ਹਨ।

ਇਸ ਗ੍ਰਿਫਤਾਰੀ ਪਿੱਛੇ ਕਈ ਸੰਭਾਵਤ ਮਕਸਦ ਹੋ ਸਕਦੇ ਹਨ। ਪਹਿਲਾ ਇਹ ਕਿ ਸੱਤਾ ਦੇ ਕਰੀਬੀਆਂ ਜਾਂ ਪ੍ਰਭਾਵਸ਼ਾਲੀ ਲੋਕਾਂ ਨੂੰ ਸਵਾਲ ਕੀਤੇ ਤਾਂ ਨਤੀਜੇ ਭੁਗਤਣੇ ਪੈਣਗੇ। ਦੂਜਾ, ਮਜੂਮਦਾਰ ਦੀ ਗ੍ਰਿਫਤਾਰੀ ਦੱਸਦੀ ਹੈ ਕਿ ਸਰਕਾਰ ਏ ਸੀ ਏ ਬੀ ਵਿੱਚ ਮੁੱਖ ਮੰਤਰੀ ਦੀ ਸਿੱਧੀ ਸ਼ਮੂਲੀਅਤ ਕਾਰਨ ਮਾਮਲੇ ਨੂੰ ਦਬਾਉਣਾ ਚਾਹੁੰਦੀ ਹੈ। ਇਸ ਗ੍ਰਿਫਤਾਰੀ ਨਾਲ ਸਰਕਾਰ ਦੂਜੇ ਪੱਤਰਕਾਰਾਂ ਵਿੱਚ ਡਰ ਪੈਦਾ ਕਰਨਾ ਚਾਹੁੰਦੀ ਹੈ। ਤੀਜਾ ਇਹ ਕਦਮ ਹੁਕਮਰਾਨ ਭਾਜਪਾ ਦੀ ਛਵੀ ਖਰਾਬ ਹੋਣ ਤੋਂ ਰੋਕਣ ਦੀ ਕੋਸ਼ਿਸ਼ ਹੋ ਸਕਦੀ ਹੈ, ਕਿਉਂਕਿ ਬੇਨੇਮੀਆਂ ਖਿਲਾਫ ਸੂਬੇ ਵਿੱਚ ਆਵਾਜ਼ਾਂ ਤੇਜ਼ ਹੋ ਰਹੀਆਂ ਹਨ। ਮਜੂਮਦਾਰ ਖਿਲਾਫ ਐੱਸ ਸੀ/ ਐੱਸ ਟੀ ਐਕਟ ਵਰਗੇ ਕਾਨੂੰਨ ਦੀ ਵਰਤੋਂ ਦਿਖਾਉਂਦੀ ਹੈ ਕਿ ਸਰਕਾਰ ਅਸਹਿਮਤੀ ਨੂੰ ਕੁਚਲਣ ਲਈ ਕਿਸ ਹੱਦ ਤੱਕ ਜਾ ਸਕਦੀ ਹੈ। ਦੇਸ਼ ਵਿੱਚ ਜਿੱਥੇ ਵੀ ਪੱਤਰਕਾਰ ਭਾਜਪਾਈ ਸਰਕਾਰਾਂ ਦੀ ਧੱਕੇਸ਼ਾਹੀ ਖਿਲਾਫ ਲਿਖਦੇ/ ਬੋਲਦੇ ਹਨ, ਉਨ੍ਹਾਂ ਨਾਲ ਬੇਰਹਿਮੀ ਨਾਲ ਪੇਸ਼ ਆਇਆ ਜਾਂਦਾ ਹੈ। ਪੱਤਰਕਾਰ ਭਾਈਚਾਰੇ ਨੂੰ ਇਸ ਵਿਰੁੱਧ ਡਟ ਕੇ ਆਵਾਜ਼ ਬੁਲੰਦ ਕਰਨੀ ਪੈਣੀ ਹੈ।

ਮਨੁੱਖੀ ਸੱਭਿਅਤਾ ਦੇ ਸਭ ਤੋਂ ਵਿਲੱਖਣ ਲੋਕ

ਇਸ ਸਮੇਂ ਜੇਕਰ ਤੁਹਾਡੀ ਉਮਰ 55 ਸਾਲ ਤੋਂ ਵੱਧ ਹੈ ਤਾਂ ਤੁਸੀਂ ਆਪਣੇ ਆਪ 'ਤੇ ਫਖ਼ਰ ਮਹਿਸੂਸ ਕਰਿਓ, ਕਿਉਂ ਕਿ ਤੁਸੀਂ ਇਸ ਧਰਤੀ ਦੀ ਸਭ ਤੋਂ ਰੌਚਕ ਪੀੜ੍ਹੀ ਦੇ ਇਨਸਾਨ ਹੋ। ਇਸ ਉਮਰ ਦੇ ਮਰਦ/ਔਰਤਾਂ ਮਨੁੱਖੀ ਸੱਭਿਅਤਾ ਦੀ ਅਜਿਹੀ ਪੀੜ੍ਹੀ ਦੇ ਲੋਕ ਹਨ, ਜਿਹਨਾਂ ਵਰਗੇ ਲੋਕ, ਨਾ ਇਸ ਧਰਤੀ 'ਤੇ ਪਹਿਲਾਂ ਕਦੇ ਹੋਏ ਨਾ ਹੋਣਗੇ।

ਇਸ ਦੌਰ ਦੇ ਲੋਕਾਂ ਨੇ ਖੇਤਾਂ ਵਿੱਚ ਡੰਗਰ ਚਾਰੇ, ਪੱਠੇ ਵੱਢੇ, ਪੰਡਾਂ ਚੱਕੀਆਂ, ਖੱਡੀਆਂ 'ਤੇ ਖੇਸ, ਦਰੀਆਂ ਬੁਣੇ, ਕੰਧਾਂ, ਕੰਧੋਲੀਆਂ ਲਿਪੀਆਂ, ਖੇਤਾਂ ਦੇ ਬੰਨਿਆਂ 'ਤੇ ਬਹਿ ਕੇ ਰੋਟੀਆਂ ਖਾਦੀਆਂ, ਲੱਸੀਆਂ ਪੀਤੀਆਂ, ਖੂਹ ਵਗਦੇ ਵੇਖੇ, ਫਲ੍ਹੇ ਕੱਢੇ ਜਾਂ ਕੱਢਦੇ ਲੋਕਾਂ ਨੂੰ ਵੇਖਿਆ ਅਤੇ ਅੱਜ ਦਾ ਇੰਟਰਨੈੱਟ ਦਾ ਆਧੁਨਿਕ ਦੌਰ ਵੀ ਵੇਖ ਰਹੇ ਹਨ।

ਅੱਜ ਤੋਂ ਸੱਠ-ਸੱਤਰ ਸਾਲ ਪਹਿਲਾਂ ਪੰਜਾਬ ਦੇ ਕਿਸੇ ਘਰ ਵਿੱਚ ਟੀ ਵੀ ਨਹੀਂ ਸੀ। ਕਿਸੇ ਪਿੰਡ/ਸ਼ਹਿਰ ਜਾਂ ਗਲੀ-ਮੁਹੱਲੇ ਜਦੋਂ ਕਿਸੇ ਘਰ ਪਹਿਲੀ ਵਾਰ ਲੱਕੜ ਦੇ ਫਰੇਮ ਵਾਲਾ ਟੀ ਵੀ ਆਇਆ ਤਾਂ ਲੋਕਾਂ ਨੇ ਟੋਲੀਆਂ ਦੇ ਰੂਪ ਵਿੱਚ ਪਹਿਲੀ ਵਾਰ ਉਸ ਘਰ ਜਾ ਕੇ ਟੀ ਵੀ ਦੇਖਿਆ ਅਤੇ ਵਿਗਿਆਨ ਦੇ ਇਸ ਕਰਿਸ਼ਮੇ ਅੱਗੇ ਸਾਡੇ ਲੋਕ ਹੈਰਾਨ ਹੋਏ। ਇੱਕ ਸਮਾਂ ਸੀ, ਜਦੋਂ ਕਿਸੇ ਇੱਕ ਪਿੰਡ ਵਿਆਹ 'ਤੇ ਤਵਿਆਂ ਵਾਲਾ ਸਪੀਕਰ ਵੱਜਦਾ ਹੁੰਦਾ ਸੀ ਤਾਂ ਦੂਜੇ ਪਿੰਡ ਦੇ ਲੋਕ ਗਾਉਣ ਸੁਣਨ ਲਈ ਉਸ ਪਿੰਡ ਦੇ ਨੇੜੇ ਕਿਸੇ ਰਾਹ ਜਾਂ ਨਹਿਰ 'ਤੇ ਜਾ ਖੜ੍ਹਦੇ ਹੁੰਦੇ ਸਨ। ਇਸੇ ਦੌਰ ਵਿੱਚ ਜਦੋਂ ਲੋਕਾਂ ਨੇ ਟੇਪ ਰਿਕਾਰਡ ਤੋਂ ਪਹਿਲੀ ਵਾਰ ਵੱਜਦੇ ਗੀਤ ਸੁਣ ਤਾਂ ਹੈਰਾਨ ਹੋਏ। ਇਹਨਾਂ ਸਮਿਆਂ ਵਿੱਚ ਪੰਜਾਬ ਦੇ ਲੋਕਾਂ ਨੇ ਗੱਡਿਆਂ, ਬਲਦਾਂ, ਊਠਾਂ, ਟਾਂਗਿਆਂ 'ਤੇ ਵੀ ਜੰਝਾਂ, ਬਰਾਤਾਂ ਜਾਂਦੀਆਂ ਵੇਖੀਆਂ ਤੇ ਅੱਜ ਦਾ ਪ੍ਰੀ-ਵੈਡਿੰਗ ਦਾ ਦੌਰ ਵੀ ਵੇਖਿਆ। ਇਹ ਉਹ ਦੌਰ ਸੀ, ਜਦੋਂ ਪੰਜਾਬੀ ਖੁਸ਼ੀ ਵਿੱਚ ਚਾਂਗਰਾਂ ਮਾਰਦੇ ਸਨ, ਉੱਚੀ-ਉੱਚੀ ਹੱਸਦੇ ਸਨ। ਚਾਗਰਾਂ ਜਾਂ ਖੰਘੂਰਾ ਮਾਰਨ ਤੋਂ ਅਕਸਰ ਲੜਾਈਆਂ ਵੀ ਹੋ ਜਾਇਆ ਕਰਦੀਆਂ ਸਨ।

ਇਸੇ ਦੌਰ ਵਿੱਚ ਔਰਤਾਂ-ਮਰਦ ਪਿੰਡ ਦੀ ਭੱਠੀ ਤੋਂ ਦਾਣੇ ਭੁੰਨਾਉਂਦੇ ਤੇ ਖਾਂਦੇ। ਹਰ ਪਿੰਡ ਵਿੱਚ ਚੌਲਾਂ ਦੀਆ ਦੇਗਾਂ ਲਾਹੁਣ/ਬਣਾਉਣ ਵਾਲੇ ਕੁਝ ਬੰਦੇ ਸਨ, ਲੋਕ ਚੌਲਾਂ ਦੀ ਦੇਗ ਲਾਹੁੰਦੇ ਤੇ ਪਿੰਡ ਦੇ ਵੱਡੇ, ਛੋਟੇ ਲੋਕ ਅਕਸਰ ਆਪਣੀਆਂ ਝੋਲੀਆਂ ਵਿੱਚ ਪਵਾ ਕੇ ਚੌਲ ਖਾਂਦੇ। ਲੋਹੜੀਆਂ ਵੰਡੀਆਂ ਹੀ ਨਹੀਂ ਸੀ ਜਾਂਦੀਆਂ, ਮੰਗੀਆਂ ਵੀ ਜਾਂਦੀਆਂ ਸਨ। ਔਰਤਾਂ ਵੱਲੋਂ ਅਨਾਜ ਦਾ ਹੱਥੀਂ ਪੀਹਣ ਕਰਨਾ, ਰੋਜ਼ਪਕਾਇਆ ਜਾਣ ਵਾਲਾ ਆਟਾ ਆਪਣੇ ਹੱਥੀਂ ਘਰ ਦੀ ਚੱਕੀ 'ਤੇ ਪੀਸਿਆ ਜਾਂਦਾ ਸੀ। ਇਸੇ ਸਮੇਂ ਦੌਰਾਨ ਹੀ ਆਨ ਲਾਈਨ ਪੈਕਟ ਬੰਦ ਬਜ਼ਾਰੂ ਰੋਟੀ ਦਾ ਦੌਰ ਵੀ ਸ਼ੁਰੂ ਹੋਇਆ। ਹਰ ਸ਼ਾਮ ਪਿੰਡਾਂ ਵਿੱਚ ਹਰ ਉਮਰ ਦੇ ਮੁੰਡੇ-ਕੁੜੀਆ ਰਲ ਕੇ ਲੁਕਣ-ਮਚਾਈ ਖੇਡਦੇ। ਇਸ ਤੋਂ ਇਲਾਵਾ ਗੁੱਲੀ ਡੰਡਾ, ਖਿੱਦੋ ਖੂੰਡੀ, ਬਾਂਦਰ ਕਿੱਲਾ, ਕੋਟਲਾ-ਛਪਾਕੀ, ਬਾਰਾਂ-ਟਾਹਣੀ ਵਰਗੀਆਂ ਖੇਡਾਂ ਖੇਡੀਆਂ ਜਾਂਦੀਆਂ। ਹਰ ਪਿੰਡ ਦੇ ਬਾਹਰਵਾਰ ਪੜੁੱਲ ਬਣਾਏ ਜਾਂਦੇ ਤੇ ਇਹਨਾਂ ਤੋਂ ਛਾਲਾਂ ਮਾਰੀਆਂ ਜਾਂਦੀਆਂ। ਇਸ ਦੌਰ ਵਿੱਚ ਖੇਡਾਂ ਹੀ ਮਨੋਰੰਜਨ ਅਤੇ ਕਸਰਤ ਦਾ ਸਾਧਨ ਸਨ, ਇਸ ਲਈ ਹੈੱਲਥ ਕਲੱਬਾਂ ਦੀ ਲੋੜ ਨਹੀਂ ਸੀ। ਕੋਠੇ, ਕੰਧਾਂ ਲਿੱਪਣ ਲਈ ਪਿੰਡ ਦੇ ਛੱਪੜ 'ਚੋਂ ਮਿੱਟੀ ਕੱਢੀ ਜਾਂਦੀ। ਲਿਪੀਆਂ ਕੰਧਾਂ 'ਤੇ ਸਾਉਣ ਮਹੀਨੇ ਬਾਰਸ਼ਾਂ ਪਈਆਂ ਤੇ ਉਹ ਮਿੱਟੀ ਖੁਰ ਕੇ ਮੁੜ ਛੱਪੜ ਵਿੱਚ ਗਈ ਤੇ ਸਰਦੀ ਦੇ ਸ਼ੁਰੂ ਹੁੰਦਿਆਂ ਮੁੜ ਉਹੀ ਅਮਲ ਦੁਹਰਾਇਆ ਜਾਂਦਾ। ਇਸ ਦੌਰ ਵਿੱਚ ਲੋਕ ਅਕਸਰ ਬਾਲਣ ਲੈਣ ਲਈ ਰੁੱਖਾਂ 'ਤੇ ਚੜ੍ਹਦੇ ਸਨ। ਰੁੱਖਾਂ ਤੋਂ ਡੂੰਮਣੇ ਚੋਂਦੇ ਸਨ ਤੇ ਆਪਣੇ ਹੱਥੀ ਕੱਢੇ ਸ਼ਹਿਦ ਦੇ ਸਵਾਦ ਨੂੰ ਚੱਖਦੇ ਸਨ।

ਇਸੇ ਦੌਰ ਵਿੱਚ ਸਰਕਾਰੀ ਮੁਲਾਜ਼ਮਾਂ ਮਾਸਟਰਾਂ, ਪਟਵਾਰੀਆਂ, ਤਹਿਸੀਲਦਾਰਾਂ ਨੂੰ ਸਾਗ ਤੇ ਗੰਨੇ ਤੋੜ ਕੇ ਦਿੱਤੇ ਤੇ ਖੁਸ਼ ਕੀਤਾ ਜਾਂਦਾ ਸੀ। ਜਵਾਨੀ ਵਿੱਚ ਬਹੁਤੇ ਪੰਜਾਬੀ ਵੱਡੇ ਛੋਟੇ ਘੋਲ ਘੁੱਲਦੇ ਸਨ, ਕਬੱਡੀਆਂ ਖੇਡਦੇ ਤੇ ਲੰਮੀਆਂ, ਉੱਚੀਆਂ ਛਾਲਾਂ ਮਾਰਦੇ, ਹਰ ਸਾਉਣ ਮਹੀਨੇ ਦਰਿਆਵਾਂ, ਨਦੀਆਂ, ਨੈਆਂ ਦੇ ਕੰਢਿਆਂ ਤੋਂ ਕਾਹੀ ਵੱਢ ਕੇ, ਵੱਟ ਕੇ ਪਿੱਪਲਾਂ, ਬੋਹੜਾਂ 'ਤੇ ਪੀਘਾਂ ਪਾਈਆਂ ਤੇ ਝੂਟੀਆਂ ਜਾਂਦੀਆਂ। ਇਸ ਦੌਰ ਦੇ ਲੋਕਾਂ ਨੇ ਘੋੜਿਆਂ, ਊਠਾਂ ਅਤੇ ਗੱਡਿਆਂ 'ਤੇ ਮੀਲਾਂ ਤੱਕ ਸਫਰ ਕੀਤਾ, ਹੁਣ ਮਹਿੰਗੀਆਂ ਗੱਡੀਆਂ ਅਤੇ ਹਵਾਈ ਜਹਾਜ਼ਾਂ ਦਾ ਦੌਰ ਵੀ ਵੇਖਿਆ।

ਬੀਤੇ 60 ਕੁ ਸਾਲਾਂ ਦੇ ਪੰਜਾਬ ਵਿੱਚ ਧੀਆਂ, ਭੈਣਾਂ, ਨੂੰਹਾਂ ਨੂੰ ਆਪਣੇ ਅੰਦਰ ਛੁਪੀਆਂ ਕਲਾਵਾਂ ਨੂੰ ਦਿਖਾਉਣ ਦੇ ਬਹੁਤ ਸਾਰੇ ਮੌਕੇ ਸਨ। ਇਹ ਵਿਆਹਾਂ-ਸ਼ਾਦੀਆਂ 'ਤੇ ਗੀਤ ਗਾਉਂਦੀਆਂ। ਨਵੇਂ ਗੀਤ ਘੜਦੀਆਂ। ਇਹਨਾਂ ਨੇ ਪਿੰਡ ਦੀ ਮੁੱਢਲੀ ਸਨਅਤ ਚਰਖੇ ਨਾਲ ਸੂਤ ਕੱਤਿਆ, ਖੇਸ, ਦਰੀਆਂ, ਪੱਖੀਆਂ, ਨਾਲੇ ਇਹਨਾਂ ਨੇ ਘਰ ਵਿੱਚ ਬਣਾਏ। ਹਰ ਸਾਲ ਇਹਨਾਂ ਨੇ ਕੰਧਾਂ, ਕੰਧੋਲੀਆਂ ਲਿੱਪੀਆਂ ਤੇ ਇਹਨਾਂ 'ਤੇ ਵੇਲਾਂ ਬੂਟੇ ਪਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਗੁਰਚਰਨ ਸਿੰਘ ਨੂਰਪੁਰ

ਬੀਤੇ ਵੇਲੇ ਦੇ ਪੰਜਾਬ ਵਿੱਚ ਪੜ੍ਹਾਕੂ ਘਰੋਂ ਬੋਰੀਆਂ ਲਿਜਾ ਕੇ ਇਹਨਾਂ 'ਤੇ ਬਹਿ ਕੇ ਪੜ੍ਹੇ, ਫੱਟੀਆਂ ਪੋਚਦੇ, ਸਲੇਟਾਂ ਸਾਫ ਕਰਦੇ ਤੇ ਇਹਨਾਂ 'ਤੇ ਲਿਖਦੇ। ਰਾਤ ਨੂੰ ਇਹ ਦੀਵੇ ਜਾਂ ਲਾਲਟੈਣ ਦੇ ਚਾਨਣ ਵਿੱਚ ਪੜ੍ਹੇ। ਮਾਸਟਰਾਂ ਤੋਂ ਕੁੱਟਾਂ-ਮਾਰਾਂ ਖਾ ਕੇ ਇਸ ਦੌਰ ਦੇ ਲੋਕ ਡੀ ਸੀ, ਵੀ ਸੀ ਬਣੇ, ਗਵਰਨਰ ਬਣੇ, ਉੱਚੀਆਂ ਪਦਵੀਆਂ ਹਾਸਿਲ ਕੀਤੀਆਂ ਤੇ ਕੁਝ ਵਿੱਚੇ ਪੜ੍ਹਾਈ ਛੱਡ ਕੇ ਮਾਲ ਦੇ ਛੇੜੂ ਵੀ ਬਣੇ। ਇਹ ਉਹ ਦੌਰ ਸੀ, ਜਦੋਂ ਕਿਸੇ ਨੂੰ ਪਹਿਲੀ ਵਾਰ ਸਾਈਕਲ ਖਰੀਦਣ ਦਾ ਏਨਾ ਚਾਅ ਚੜ੍ਹਦਾ ਸੀ ਜਿੰਨਾ ਹੁਣ ਕਿਸੇ ਨੂੰ ਮਹਿੰਗੀ ਗੱਡੀ ਖਰੀਦ ਕੇ ਵੀ ਨਹੀਂ ਚੜ੍ਹਦਾ।

ਘੋੜੇ 'ਤੇ ਚੜ੍ਹ ਕੇ ਦੂਜੇ ਪਿੰਡ ਰਿਸ਼ਤੇਦਾਰੀ 'ਤੇ ਜਾਣਾ, ਗਲ ਵਿੱਚ ਦੋਨਾਲੀ ਬੰਦੂਕ ਪਾ ਕੇ ਤੁਰਨਾ ਵੀ ਵੱਡੀ ਸ਼ਾਨ ਸਮਝਿਆ ਜਾਂਦਾ ਸੀ। ਘਰ ਵਿੱਚ ਰੇਡੀਓ ਜਾਂ ਸਕੂਟਰ ਹੋਣਾ ਵੀ ਇਸ ਦੌਰ ਵਿੱਚ ਅਮੀਰੀ ਦੀ ਨਿਸ਼ਾਨੀ ਸੀ। ਇਸੇ ਦੌਰ ਵਿੱਚ ਮਿਲਣ ਆਏ ਪਰਾਹੁਣੇ ਰਿਸ਼ਤੇਦਾਰਾਂ ਕੋਲ ਦੋ-ਦੋ ਹਫਤੇ ਰਿਹਾ ਕਰਦੇ ਸਨ। ਗੰਨੇ ਪੀੜਨ ਵਾਲੇ ਵੇਲਣੇ ਬਲਦਾਂ ਨਾਲ ਜੋਏ ਜਾਂਦੇ ਸਨ। ਗੁੜ ਬਣਾ ਕੇ ਇਸ ਦੀਆਂ ਮੱਟੀਆਂ ਭਰੀਆਂ ਤੇ ਗੁੜ ਦੀਆਂ ਚਾਹਾਂ ਬਣਾ-ਬਣਾ ਕੇ ਪੀਤੀਆਂ ਜਾਂਦੀਆਂ ਸਨ। ਪਿਛਲਾ ਇਹ ਦੌਰ ਹੁਣ ਤਸਵੀਰਾਂ ਬਣ ਕੇ ਰਹਿ ਗਿਆ ਹੈ। ਕਾੜ੍ਹਨੀ ਦਾ ਦੁੱਧ ਪੰਜਾਬੀਆਂ ਦੀ ਇੱਕ ਵਿਸ਼ੇਸ਼ ਖੁਰਾਕ ਸੀ, ਜੋ ਹੁਣ ਨਹੀਂ ਰਹੀ। ਕੂੰਡੇ-ਡੰਡੇ ਨਾਲ ਰਗੜੀ ਮੂੰਗਰਿਆਂ ਦੀ ਚਟਨੀ ਦਾ ਵੀ ਇੱਕ ਆਪਣਾ ਵੱਖਰਾ ਸਵਾਦ ਹੋਇਆ ਕਰਦਾ ਸੀ।

ਇਸ ਦੌਰ ਵਿੱਚ ਘਰਾਂ ਵਿੱਚ ਬਿਜਲੀ ਦਾ ਪ੍ਰਵੇਸ਼ ਹੋਇਆ, ਲਾਟੂਆਂ, ਬਲਬਾਂ ਤੇ ਹੁਣ ਤੇ ਹੁਣ ਐੱਲ ਈ ਡੀ ਅਤੇ ਰੀਮੋਟ ਨਾਲ ਚੱਲਣ ਵਾਲੀਆਂ ਲਾਈਟਾਂ ਦਾ ਜ਼ਮਾਨਾ ਵੀ ਇਸ ਦੌਰ ਨੇ ਵੇਖਿਆ। ਇਸ ਸਮੇਂ ਖੇਤੀ ਨਾਲ ਜੁੜੇ ਬਹੁਤ ਸਾਰੇ ਕੰਮ ਸਨ, ਜਿਵੇਂ ਮੱਕੀ ਦੀਆਂ ਛੱਲੀਆਂ ਕੁੱਟਣਾ, ਬਾਜਰਾ, ਜਵਾਰ ਦੇ ਬੀਜ ਕੱਢਣੇ, ਸਣ ਕੱਢਣੀ, ਰੱਸੇ ਵੱਟਣੇ ਆਦਿ। ਇਸ ਦੌਰ ਦੇ ਲੋਕਾਂ ਨੇ ਇਕੱਠੇ ਬਹਿ ਕੇ ਧੂਣੀਆਂ ਸੇਕੀਆਂ, ਛੱਪੜਾਂ, ਟੋਬਿਆਂ ਤੇ ਵਗਦੀਆਂ ਆਡਾਂ ਦਾ ਪਾਣੀ ਪੀਤਾ। ਇਹ ਉਹ ਲੋਕ ਹਨ, ਜਿਹਨਾਂ ਨੇ ਇਹ ਮੁਹਾਵਰਾ ਵੀ ਹਜ਼ਾਰਾਂ ਵਾਰ ਵਰਤਿਆ, 'ਪਾਣੀ ਕਿਹੜਾ ਮੁੱਲ ਵਿਕਦਾ ਹੈ, ਹੁਣ ਪਾਣੀ ਦੀਆਂ ਬੋਤਲਾਂ, ਕੱਪ ਮੁੱਲ ਵਿਕਦੇ ਵੀ ਇਸੇ ਦੌਰ ਨੇ ਵੇਖੇ। ਇਹ ਉਹ ਸਮਾਂ ਸੀ, ਜਦੋਂ ਪੰਜਾਬ ਦੇ ਕਈ ਖਿੱਤਿਆਂ 'ਚੋਂ ਧਰਤੀ ਹੇਠ ਟੋਇਆ ਕੱਢ ਕੇ ਪਾਣੀ ਪੀਤਾ ਜਾ ਸਕਦਾ ਸੀ।

ਬੀਤਿਆ ਸੱਠ ਕੁ ਸਾਲ ਦਾ ਦੌਰ ਏਨਾ ਵਚਿੱਤਰ ਦੌਰ ਸੀ। ਇਸ ਦੌਰ ਵਿੱਚ ਲੋਕਾਂ ਨੇ ਜ਼ਮਾਨੇ ਨੂੰ ਬਦਲਦੇ ਵੇਖਿਆ ਹੈ। ਇਹ ਅਜਿਹਾ ਸਮਾਂ ਸੀ, ਜਿਸ ਨਾਲ ਮਨੁੱਖੀ ਸੱਭਿਅਤਾ ਉੱਕਾ ਹੀ ਤਬਦੀਲ ਹੋ ਗਈ। ਇਹਨਾਂ ਸਾਲਾਂ ਦੌਰਾਨ ਇੱਕ ਆਮ ਔਸਤ ਮਨੁੱਖ ਕੋਲ ਉਹ ਸਾਧਨ ਆ ਗਏ, ਜੋ ਅੱਜ ਤੋਂ ਦੋ ਸੌ ਸਾਲ ਪਹਿਲਾਂ ਰਾਜਿਆਂ, ਮਹਾਰਾਜਿਆਂ ਕੋਲ ਵੀ ਨਹੀਂ ਸਨ। ਨਿਸਚਿਤ ਹੀ ਇਹ ਦੁਨੀਆ ਚੰਗੀ ਹੋਈ ਹੈ। ਮਨੁੱਖ ਦੇ ਦੁੱਖ-ਤਖਲੀਫਾਂ, ਇਲਾਜ, ਸੁਖ ਸਹੂਲਤਾਂ ਤੇਜ਼ੀ ਨਾਲ ਵਿਕਸਤ ਹ

28-MAR-PAGE-5.qxd 3/27/2025 11:02 PM Page 1

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਫੂਕੀਆਂ ਪੰਜਾਬ ਸਰਕਾਰ ਦੇ ਬਜਟ ਦੀਆਂ ਕਾਪੀਆਂ

ਮੋਗਾ (ਇਕਬਾਲ ਸਿੰਘ ਖਹਿਰਾ)

ਪੰਜਾਬ ਸਰਕਾਰ ਸਾਂਝਾ ਫਰੰਟ ਦੇ ਸੱਦੇ 'ਤੇ ਮੋਗਾ ਦੇ ਬੱਸ ਅੱਡੇ ਵਿੱਚ ਪੰਜਾਬ ਸਰਕਾਰ ਦੇ ਬੱਜਟ ਦੀਆਂ ਕਾਪੀਆਂ ਫੂਕੀਆਂ ਗਈਆਂ।ਇਸ ਮੌਕੇ ਬੋਲਦਿਆਂ ਸੂਬਾਈ ਕਨਵੀਨਰ ਜਗਦੀਸ਼ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ 2.36 ਲੱਖ ਕਰੋੜ ਦੇ ਬੱਜਟ ਪੇਸ਼ ਕੀਤਾ ਹੈ, ਪਰ ਇਸ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਕੋਈ ਰਕਮ ਨਹੀਂ ਰੱਖੀ ਗਈ।ਪੁਰਾਣੀ ਪੈਨਸ਼ਨ ਬਹਾਲ ਕਰਨ, ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਵੱਖ-ਵੱਖ ਮਹਿਕਮਿਆਂ ਵਿੱਚ ਰੈਗੂਲਰ ਭਰਤੀ ਕਰਨ, ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਯਕਮੁਸ਼ਤ ਦੇਣ ਆਦਿ ਬਾਰੇ ਕੋਈ ਰਕਮ ਨਹੀਂ ਰੱਖੀ ਗਈ।ਉਨ੍ਹਾਂ ਕਿਹਾ ਕਿ ਭਾਵੇਂ 10 ਲੱਖ ਤੱਕ ਇਲਾਜ ਲਈ ਹਰ ਇੱਕ ਵਾਸਤੇ ਬੀਮਾ ਮੁਫ਼ਤ ਦੀ ਮੱਦ ਰੱਖੀ ਗਈ ਹੈ, ਇਸ ਨਾਲ ਲੋਕਾਂ ਨੂੰ ਤਾਂ ਕੁੱਝ ਰਾਹਤ ਮਿਲ ਸਕਦੀ ਹੈ, ਪਰ ਸਰਕਾਰ ਨੇ ਸਰਕਾਰੀ ਸਿਹਤ ਵਿਭਾਗ ਦੀ ਹਾਲਤ ਸੁਧਾਰਨ ਤੋਂ ਪਾਸਾ ਵੱਟ ਲਿਆ ਹੈ। ਮਹੱਲਾ ਕਲੀਨਿਕਾਂ, ਸਿੱਖਿਆ ਲਈ ਕੋਈ ਰਕਮ ਨਹੀਂ ਰੱਖੀ ਗਈ।ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਛੇਵੇਂ ਤਨਖਾਹ ਕਮਿਸ਼ਨ ਜੋ 1-1-16 ਤੋਂ ਲਾਗੂ ਹੋਣਾ ਹੈ, ਪਰ ਦਿੱਤਾ 1-7-2021 ਤੋਂ ਹੈ, ਇਸ ਨਾਲ ਮੁਲਾਜ਼ਮਾਂ ਦਾ ਕਰੋੜਾਂ ਰੁਪਏ ਦਾ ਬਕਾਇਆ ਸਰਕਾਰ ਨੱਪ ਕੇ ਬੈਠ ਗਈ ਹੈ।ਕੇਂਦਰ ਸਰਕਾਰ ਨੇ ਅੱਠਵਾਂ ਤਨਖਾਹ ਕਮਿਸ਼ਨ ਬਿਠਾਉਣ ਬਾਰੇ ਵੀ ਸਹਿਮਤੀ ਦੇ ਦਿੱਤੀ ਹੈ, ਪਰ ਪੰਜਾਬ ਸਰਕਾਰ ਨੇ ਅਜੇ ਤੱਕ ਛੇਵਾਂ ਤਨਖਾਹ ਕਮਿਸ਼ਨ ਲਾਗੂ ਨਹੀਂ ਕੀਤਾ।ਇਸ ਮੌਕੇ ਬੋਲਦਿਆਂ ਗੁਰਜੰਟ ਸਿੰਘ ਕੋਕਰੀ ਨੇ ਕਿਹਾ ਕਿ ਇਸ ਸਰਕਾਰ ਨੇ ਰੋਡਵੇਜ਼ ਮਹਿਕਮੇ ਵਿੱਚ ਇੱਕ ਵੀ ਨਹੀਂ ਬੱਸ ਨਹੀਂ ਪਾਈ ਤੇ ਨਾ ਹੀ ਨਵੀਂ ਰੈਗੂਲਰ ਭਰਤੀ ਚਾਲੂ ਕੀਤੀ ਹੈ।ਕਈ-ਕਈ ਸਾਲਾਂ ਤੋਂ ਮੁਲਾਜ਼ਮ ਠੇਕੇ 'ਤੇ ਹੀ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ।ਉਸ ਨੇ ਕਿਹਾ ਕਿ ਇਹ ਸਰਕਾਰ ਫਜ਼ੂਲ ਖਰਚੀ ਬਾਰੇ ਵੀ ਚੁੱਪ ਹੈ, ਸਿਰਫ਼ ਕਰਜ਼ਾ ਲੈ ਕੇ ਕੰਮ ਚਲਾਇਆ ਜਾ ਰਿਹਾ ਅਤੇ ਇਸ਼ਤਿਹਾਰਾਂ ਆਦਿ 'ਤੇ ਬੇਲੋੜੇ ਖਰਚ ਕੀਤੇ ਜਾ ਰਹੇ

ਹਨ।ਉੱਚ ਅਫ਼ਸਰ, ਵਿਧਾਇਕ ਤੇ ਮੰਤਰੀ ਰੱਜ ਕੇ ਸਹੂਲਤਾਂ ਮਾਣ ਰਹੇ ਹਨ, ਪਰ ਕੱਟ ਛੋਟੇ ਮੁਲਾਜ਼ਮਾਂ 'ਤੇ ਲਾਏ ਜਾ ਰਹੇ ਹਨ, ਕਿਉਂਕਿ ਛੋਟੇ ਮੁਲਾਜ਼ਮ ਆਮ ਗਰੀਬ ਲੋਕਾਂ ਦੇ ਬੱਚੇ ਹਨ। ਗੁਰਮੇਲ ਸਿੰਘ ਨਾਹਰ ਨੇ ਬਿਜਲੀ ਮਹਿਕਮੇ ਦੀ ਮਾੜੀ ਹਾਲਤ ਬਾਰੇ ਸਰਕਾਰ ਨੂੰ ਕੋਸਿਆ ਤੇ ਕਿਹਾ ਕਿ ਸਰਕਾਰ ਸਿਰ 4 ਲੱਖ ਕਰੋੜ ਦਾ ਕਰਜ਼ਾ ਹੋਣ ਜਾ ਰਿਹਾ ਹੈ, ਜਿਸ ਦਾ ਵਿਆਜ 25000 ਕਰੋੜ ਦੇਣਾ ਪੈ ਰਿਹਾ ਹੈ।ਸਰਕਾਰ ਨੇ ਕਰਜ਼ਾ ਤਾਂ ਕੀ ਘੱਟ ਕਰਨਾ ਸੀ, ਸਗੋਂ ਵਿਆਜ ਵੀ ਕਰਜ਼ਾ ਲੈ ਕੇ ਮੋੜਿਆ ਜਾ ਰਿਹਾ ਹੈ।ਇਹ ਸਰਕਾਰ ਦੀ ਬਦਇੰਤਜ਼ਾਮੀ ਜ਼ਾਹਰ ਕਰਦਾ ਹੈ।ਉਨ੍ਹਾਂ ਕਿਹਾ ਕਿ ਬੱਜਟ ਵਿੱਚ ਲੁਭਾਵਣੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜੋ ਚੰਗੀ ਵੀ ਲੱਗਦੀ ਹੈ, ਪਰ ਪਿਛਲੇ ਤਿੰਨ ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਇਹ ਸਰਕਾਰ ਪਹਿਲੀਆਂ ਸਰਕਾਰਾਂ ਤੋਂ ਮਾੜੀ ਸਾਬਿਤ ਹੋਈ।ਇਸ ਨੇ ਦੱਬ ਕੇ ਕਰਜ਼ਾ ਲੈ ਕੇ ਹੀ ਕੰਮ ਚਲਾਇਆ ਹੈ ਅਤੇ ਪੰਜਾਬ ਨੂੰ ਕੰਗਾਲ ਕਰ ਦਿੱਤਾ ਹੈ।ਕਾਨੂੰਨੀ ਵਿਵਸਥਾ ਵੀ ਠੀਕ ਨਹੀਂ ਹੈ। ਲੋਕ ਦਹਿਸ਼ਤ ਦੇ ਮਹੌਲ ਵਿੱਚ ਜਿਉਂ ਰਹੇ ਹਨ।ਬੁਲਾਰਿਆਂ ਨੇ ਰੋਸ ਵਜੋਂ ਪੰਜਾਬ ਸਰਕਾਰ ਦੇ ਇਸ ਬੱਜਟ ਦੀਆਂ ਕਾਪੀਆਂ ਸਾੜੀਆਂ ਤੇ ਦੱਬ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਭੂਪਿੰਦਰ ਸਿੰਘ ਸੇਖੋਂ, ਪੋਹਲਾ ਸਿੰਘ ਬਰਾੜ, ਸੁਰਿੰਦਰ ਸਿੰਘ ਬਰਾੜ, ਮਨਦੀਪ ਸਿੰਘ ਮਧੂ, ਜਗਪਾਲ ਸਿੰਘ, ਬਚਿੱਤਰ ਸਿੰਘ ਧੋਥੜ, ਅਜਮੇਰ ਸਿੰਘ ਅਖਾੜਾ, ਬੂਟਾ ਸਿੰਘ ਭੱਟੀ, ਸ਼ਿੰਦਰਪਾਲ ਸਿੰਘ, ਸਤਪਾਲ ਸਹਿਗਲ, ਗੁਰਮੀਤ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਬੱਸ ਸਟੈਂਡ ਦੇ ਨਜ਼ਦੀਕ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਤੇ ਸੰਗਰੂਰ ਯੂਨਿਟ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਜਨਰਲ ਸਕੱਤਰ ਅਵਿਨਾਸ਼ ਸ਼ਰਮਾ, ਚੇਅਰਮੈਨ ਜਗਜੀਤ ਇੰਦਰ ਸਿੰਘ, ਜ਼ਿਲ੍ਹਾ ਖ਼ਜ਼ਾਨਚੀ ਕਰਨੈਲ ਸਿੰਘ ਸੇਖੋਂ, ਪੈਨਸ਼ਨਰ ਆਗੂ ਜੀਤ ਸਿੰਘ ਢੀਂਡਸਾ, ਰਵਿੰਦਰ ਸਿੰਘ ਭੱਠਲ, ਜੰਟ ਸਿੰਘ ਸੋਹੀਆਂ, ਗੁਰਦੇਵ ਸਿੰਘ ਲੂੰਬਾ, ਪੀ. ਸੀ. ਬਾਘਾ, ਸੁਖਦੇਵ ਸਿੰਘ ਜੱਸੀ, ਨਿਹਾਲ ਸਿੰਘ ਮਾਨ, ਲਾਭ ਸਿੰਘ ਆਦਿ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਦੀ ਨਿਖੇਧੀ ਕਰਦਿਆਂ ਇਸ ਨੂੰ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਬਜਟ ਕਰਾਰ ਦਿੱਤਾ।ਪੰਜਾਬ ਸਰਕਾਰ ਵੱਲੋਂ ਜੋ ਬਜਟ ਪੇਸ਼ ਕੀਤਾ ਗਿਆ ਹੈ, ਉਸ ਦੇ ਨਾਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭਾਰੀ ਨਿਰਾਸ਼ਤਾ ਹੋਈ ਹੈ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਵਿਸ਼ਾਲ ਰੋਸ ਰੈਲੀ ਵੀ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦਿਆਂ ਅਨੁਸਾਰ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਰੈਲੀ ਨੂੰ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ, ਯੂਨਿਟ ਪ੍ਰਧਾਨ ਭੁਪਿੰਦਰ ਸਿੰਘ ਜੱਸੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਰੈਲੀ ਵਿੱਚ ਪੈਨਸ਼ਨਰ ਆਗੂ ਸੁਰਿੰਦਰ ਸਿੰਘ ਸੋਢੀ, ਕੰਵਲਜੀਤ ਸਿੰਘ, ਜਸਵੀਰ ਸਿੰਘ ਖ਼ਾਲਸਾ, ਕਿਸ਼ੋਰੀ ਲਾਲ, ਓ. ਪੀ. ਖਿੱਪਲ, ਰਜਿੰਦਰ ਗੋਇਲ, ਰਜਿੰਦਰ ਚੰਗਾਲ, ਦਵਿੰਦਰ ਜਿੰਦਲ, ਮੋਹਨ ਸਿੰਘ, ਸ਼ੇਰ ਸਿੰਘ ਬਾਲੇਵਾਲ, ਗੁਰਦੇਵ ਸਿੰਘ ਭੁੱਲਰ, ਗਿਰਧਾਰੀ ਲਾਲ, ਜਰਨੈਲ ਸਿੰਘ, ਕੁਨਾਲ ਸ਼ਰਮਾ, ਸਰਬਜੀਤ ਸਿੰਘ, ਹਰਪਾਲ ਸਿੰਘ ਸੰਗਰੂਰੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਨਸ਼ਨਰ ਮੌਜੂਦ ਸਨ, ਜਿਨ੍ਹਾਂ ਨੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸਰਕਾਰ ਦਾ ਪਿੱਟ ਸਿਆਪਾ ਕੀਤਾ ਤੇ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ।

ਰਾਜਪੁਰਾ (ਰਮੇਸ਼ ਕਟਾਰੀਆ) : ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਪਟਿਆਲਾ ਅਤੇ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਪੰਜਾਬ (ਏਟਕ ਜਥੇਬੰਦੀ ਵਿੱਚੋਂ ਸੇਵਾ ਮੁਕਤ ਹੋਏ ਸਾਥੀਆਂ) ਦੀ ਸਾਂਝੀ ਮੀਟਿੰਗ ਅਣਖੀ ਭਵਨ ਪਟਿਆਲਾ ਵਿਖੇ ਸਾਥੀ ਗੁਰਦਿਆਲ ਸਿੰਘ ਬੱਬੂ ਸਰਕਲ ਪ੍ਰਧਾਨ ਪਟਿਆਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਤੇ ਸਾਥੀ ਬਲਜੀਤ ਕੁਮਾਰ ਧੀਮਾਨ ਵਿੱਤ ਸਕੱਤਰ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਪਿਛਲੇ ਸਮੇਂ ਦੌਰਾਨ ਕੀਤੇ ਗਏ ਸੰਘਰਸ਼ਾਂ 'ਤੇ ਤਸੱਲੀ ਪ੍ਰਗਟ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਪਿਲਖਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਬਜਟ ਸੈਸ਼ਨ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਕੁਝ ਵੀ ਨਹੀਂ ਰੱਖਿਆ, ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ ਪੈਂਡਿੰਗ ਪਿਆ ਹੈ, ਵਧਦੇ ਕੰਮ ਭਾਰ ਅਨੁਸਾਰ ਰੈਗੂਲਰ ਕਰਮਚਾਰੀਆਂ ਦੀ ਭਰਤੀ ਨਹੀਂ ਕੀਤੀ ਜਾ ਰਹੀ।ਬੁਲਾਰੇ ਸਾਥੀਆਂ ਨੇ ਸਰਕਾਰ ਦੀ ਅਲੋਚਨਾ ਕਰਦੇ ਹੋਏ ਮੀਟਿੰਗ ਦੌਰਾਨ ਬਜਟ ਦੀਆਂ ਕਾਪੀਆਂ ਸਾੜੀਆਂ ਤੇ 3 ਅਪ੍ਰੈਲ 2025 ਨੂੰ ਏਟਕ ਵੱਲੋਂ ਲੇਬਰ ਕਮਿਸ਼ਨਰ ਦਫ਼ਤਰ ਮੁਹਾਲੀ ਵਿਖੇ ਘੱਟੋ ਘੱਟ ਉਜ਼ਰਤਾਂ 35000 ਰੁਪਏ ਪ੍ਰਤੀ ਮਹੀਨਾ ਲੈਣ ਲਈ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ।ਇਸ ਮੀਟਿੰਗ ਵਿੱਚ ਰਾਜਪੁਰਾ ਡਵੀਜ਼ਨ ਦੇ ਵਿੱਤ ਸਕੱਤਰ ਸਾਥੀ ਹਰਦੀਪ ਸਿੰਘ ਤੇ ਰਾਜ ਗਾਇਕ ਸਾਥੀ, ਰਾਮ ਰਤਨ, ਸਾਥੀ ਸੁੱਚਾ ਸਿੰਘ, ਸਾਥੀ ਸਤਨਾਮ ਸਿੰਘ, ਸਾਥੀ ਕੁਲਵੰਤ, ਸਰਕਲ ਪਟਿਆਲਾ ਦੇ ਸਕੱਤਰ ਸਾਥੀ ਅਰਸ਼ਦੀਪ ਸਿੰਘ, ਸਾਥੀ ਜਗਵਿੰਦਰ ਸਿੰਘ ਸਮਾਣਾ, ਸਾਥੀ ਗੁਰਮੇਲ ਸਿੰਘ, ਸਾਥੀ ਅਮਰੀਕ ਸਿੰਘ, ਸਾਥੀ ਸਤਗੁਰੂ ਸਿੰਘ, ਸਾਥੀ ਜਗਦੀਸ਼ ਸਿੰਘ, ਸਾਥੀ ਮੁਹੰਮਦ ਅਸ਼ਰਫ, ਸਾਥੀ ਹਰਪਾਲ ਸਿੰਘ ਤੇ ਹੋਰ ਸਰਗਰਮ ਆਗੂ ਸਾਥੀਆਂ ਨੇ ਸ਼ਮੂਲੀਅਤ ਕੀਤੀ।

ਸੰਗਰੂਰ (ਪ੍ਰਵੀਨ ਸਿੰਘ)-ਪੈਨਸ਼ਨਰ ਵੈੱਲਫੇਅਰ ਐਸੋ: ਦੇ ਜ਼ਿਲ੍ਹਾ ਸੰਗਰੂਰ ਤੇ ਯੂਨਿਟ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਜਨਰਲ ਸਕੱਤਰ ਅਵਿਨਾਸ਼ ਸ਼ਰਮਾ, ਚੇਅਰਮੈਨ ਜਗਜੀਤ ਇੰਦਰ ਸਿੰਘ, ਜ਼ਿਲ੍ਹਾ ਖ਼ਜ਼ਾਨਚੀ ਕਰਨੈਲ ਸਿੰਘ, ਪੈਨਸ਼ਨਰ ਆਗੂ ਜੀਤ ਸਿੰਘ ਢੀਂਡਸਾ, ਰਵਿੰਦਰ ਸਿੰਘ, ਜੰਟ ਸਿੰਘ, ਗੁਰਦੇਵ ਸਿੰਘ, ਪੀ. ਸੀ. ਬਾਘਾ, ਸੁਖਦੇਵ ਸਿੰਘ, ਨਿਹਾਲ ਸਿੰਘ ਤੇ ਲਾਭ ਸਿੰਘ ਆਦਿ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਦੀ ਨਿਖੇਧੀ ਕਰਦਿਆਂ ਇਸ ਨੂੰ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਬਜਟ ਕਰਾਰ ਦਿੱਤਾ। ਇਸ ਮੌਕੇ ਵਿਸ਼ਾਲ ਰੋਸ ਰੈਲੀ ਵੀ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਪੈਨਸ਼ਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦਿਆਂ ਅਨੁਸਾਰ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ ਤੇ ਯੂਨਿਟ ਪ੍ਰਧਾਨ ਭੁਪਿੰਦਰ ਸਿੰਘ ਜੱਸੀ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਤੁਰੰਤ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਰੈਲੀ ਵਿੱਚ ਪੈਨਸ਼ਨਰ ਆਗੂ ਸੁਰਿੰਦਰ ਸਿੰਘ ਸੋਢੀ, ਕੰਵਲਜੀਤ ਸਿੰਘ, ਜਸਵੀਰ ਸਿੰਘ, ਕਿਸ਼ੋਰੀ ਲਾਲ, ਓ. ਪੀ. ਖਿੱਪਲ, ਰਜਿੰਦਰ ਗੋਇਲ, ਰਜਿੰਦਰ ਚੰਗਾਲ, ਦਵਿੰਦਰ ਜਿੰਦਲ, ਮੋਹਨ ਸਿੰਘ, ਸ਼ੇਰ ਸਿੰਘ, ਗੁਰਦੇਵ ਸਿੰਘ, ਗਿਰਧਾਰੀ ਲਾਲ, ਜਰਨੈਲ ਸਿੰਘ, ਕੁਨਾਲ ਸ਼ਰਮਾ, ਸਰਬਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਨਸ਼ਨਰ ਮੌਜੂਦ ਸਨ।

ਕਾਤਰਾਂ

ਪੰਜਾਬ ਸਰਕਾਰ ਦਾ ਬਜਟ ਪੂਰੀ ਤਰ੍ਹਾਂ ਖੋਖਲਾ : ਸ਼ਰਮਾ

ਬਰੇਟਾ (ਗੋਬਿੰਦ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਬੱਜਟ ਪੂਰੀ ਤਰਾਂ ਖੋਖਲਾ ਹੈ। ਇਨ੍ਹਾਂ ਦਾ ਸ਼ਬਦਾ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਔਰਤਾਂ ਨੂੰ 1000 ਰੁਪਏ ਦੇਣ ਤੋਂ ਭੱਜ ਰਹੀ ਹੈ, ਜੋ ਔਰਤਾਂ ਨਾਲ ਸਰਾਸਰ ਧੋਖਾ ਹੈ।ਕਿਸਾਨਾਂ ਲਈ ਵੀ ਇਸ ਬਜਟ ਵਿੱਚ ਕੁਝ ਵੀ ਨਹੀਂ ਰੱਖਿਆ ਗਿਆ।ਉਨ੍ਹਾਂ ਕਿਹਾ ਕਿ ਕੁੱਲ ਮਿਲਾ ਕੇ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ।

ਸ਼ਹੀਦ ਬਾਬਾ ਤੇਗਾ ਸਿੰਘ ਤੇ ਸੰਤ ਬਾਬਾ ਨਛੱਤਰ ਸਿੰਘ ਦੀ ਯਾਦ ਨੂੰ ਸਮਰਪਤ ਮੁਫਤ ਚੈੱਕਅੱਪ ਕੈਂਪ ਅੱਜ

ਬਾਘਾ ਪੁਰਾਣਾ (ਮਨੀ ਸਿੰਗਲਾ)-ਪ੍ਰਮਾਤਮਾ ਦੀ ਅਪਾਰ ਬਖ਼ਸ਼ਿਸ਼ ਸਦਕਾ, ਸ਼ਹੀਦ ਬਾਬਾ ਤੇਗਾ ਸਿੰਘ ਜੀ ਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਤ ਇਕ ਵਿਸ਼ਾਲ ਫਰੀ ਸਿਹਤ ਜਾਂਚ ਕੈਂਪ ਤੇ ਚਿੱਟੇ ਮੋਤੀਏ ਦੇ ਆਪ੍ਰੇਸ਼ਨ ਕਰਵਾਏ ਜਾਣਗੇ।ਇਹ ਕੈਂਪ ਸ਼ੰਕਰਾ ਆਈ ਹਸਪਤਾਲ, ਸਿਹਤ ਵਿਭਾਗ ਤੇ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਪਿੰਡ ਚੰਦ ਪੁਰਾਣਾ ਜ਼ਿਲ੍ਹਾ ਮੋਗਾ ਵੱਲੋਂ ਮਿਲ ਕੇ ਲਗਾਇਆ ਜਾ ਰਿਹਾ ਹੈ।ਉਕਤ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਪਿੰਡ ਚੰਦ ਪੁਰਾਣਾ ਜ਼ਿਲ੍ਹਾ ਮੋਗਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਇਹ ਕੈਂਪ 28 ਮਾਰਚ (ਸ਼ੁੱਕਰਵਾਰ) ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗਾਇਆ ਜਾਵੇਗਾ।ਇਸ ਦੌਰਾਨ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਜਾਵੇਗੀ ਤੇ ਜਿਨ੍ਹਾਂ ਨੂੰ ਚਿੱਟਾ ਮੋਤੀਆ ਹੋਵੇਗਾ, ਉਨ੍ਹਾਂ ਦੇ ਆਪ੍ਰੇਸ਼ਨ ਵੀ ਬਿਲਕੁਲ ਮੁਫ਼ਤ ਕੀਤੇ ਜਾਣਗੇ।ਬਾਬਾ ਜੀ ਨੇ ਦੱਸਿਆ ਕਿ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਮੁਫ਼ਤ ਦਿੱਤੀਆਂ ਜਾਣਗੀਆਂ, ਹਰ ਮਰੀਜ਼ ਆਪਣੇ ਆਧਾਰ ਕਾਰਡ ਦੀ ਇੱਕ ਫੋਟੋ ਕਾਪੀ ਤੇ 2 ਮੋਬਾਇਲ ਨੰਬਰ ਲਿਖ ਕੇ ਲੈ ਕੇ ਜ਼ਰੂਰ ਆਉਣ। ਬਾਬਾ ਜੀ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਲੋੜਵੰਦ ਔਰਤ ਜਾਂ ਵਿਅਕਤੀ ਇਸ ਕੈਂਪ ਦਾ ਲਾਹਾ ਲੈ ਸਕਦਾ ਹੈ।

ਕੱਟੇ ਚਲਾਨ ਨਾ ਭਰਨ ਦੀ ਸੂਰਤ 'ਚ ਵਾਹਨ ਹੋਣਗੇ ਬਲੈਕ ਲਿਸਟ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਰਿਜ਼ਨਲ ਟਰਾਂਸਪੋਰਟ ਅਫ਼ਸਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਸੂਬੇ ਅੰਦਰ ਮੋਟਰ ਵਹੀਕਲ ਐਕਟ 1988ਦੀ ਉਲੰਘਣਾ ਕਰਨ ਵ

28- March - Page - 6.qxd 3/27/2025 11:04 PM Page 1

COURT NOTICE

Complaint-138 Negotiable Instrument Act)
In The Court of
Ms. Lovepreet Kaur Swaich
Judicial Magistrate 1st Class, Ludhiana
CNR No.PBLD03-035078-2021
COMA/12486/2021
M/S UP MONEY LTD
VS ASVIR Kaur

Notice To:

1) Jasvir Kaur W/O Sh Karnail Singh R/O H.no 481, Burj Hari Near Dharamshala Distt. Mansa, Punjab-151506

Whereas it has been proved to the satisfaction of the court that the accused above named cannot be served in the ordinary way of service. Hence this proclamation under section 82 of CRPC is hereby issued against you with a direction that you Should Appear Personally before The Court On 22-04-2025 At 10:00 A.m Or Within 30 Days From The Date Of Publication of this Proclamation. Take Notice That, In default of your part to appear as directed above the above said case will be heard and determined as per Law, in your absence given under myhand and seal of the court.

For details logon to https://highcourtchd.gov.in/?trs=district_notice&district=ludhiana

Judicial Magistrate 1st Class Ludhiana.

Dated, this day of 13.03.2025

COURT NOTICE

(U/o 5 Rule 20 CPC)
In The Court of
Sh. Jagmohan Singh Sanghe
Principal Judge, Family Court, Jalandhar
GW/187/2024
CNR No. PBJL01-011497-2024
Next Date:- 13-05-2025
Alka Verma Alias Tanu Sharma D/O Late Surinder Kumar
Address:143 New Kartar Nagar Jalandhar
Vs. General Public
Address : General Public
Petition Under Guardian and Wards Act
Publication Issued To: General Public :- General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 13-05-2025 at 10:00 a.m.

For details logon to https://highcourtchd.gov.in/?mod=district_notice&district=Jalandhar

Principal Judge, Family Court Jalandhar

Dated, this day of 26-03-2025

COURT NOTICE

In The Court of Ms. Geeta Rani
Judicial Magistrate 1st Class, Kharar
NACT 191/2023
CNR No. PBSAA1002143/2024
Next Date:- 07.04.2025
VIKAS MEHTA
Vs.
ABK CORPORATE etc.
U/S 138 NACT ACT PS City Kharar

Publication Issued To:

Abk Corporate Through Its Proprietor Namely Anjala Kainth Having Office At Sco 665 Sector 70 SAS Nagar Mob. NO 9056234956, 9876959000

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 07.04.2025 at 10:00 a.m.

For details logon to https://highcourtchd.gov.in/?rs-district notice&district=SAS Nagar

Judicial Magistrate Ist Class, Kharar

Dated, this day of 24.03.2025

COURT NOTICE

(U/o 5 Rule 20 CPC)
In The Court Of
Ms. Prabhjot Kaur
Additional Civil Judge (Senior Division), Hoshiarpur
CNR No. PBHO02-000364-2025
Next Date:- 09-05-2025
Meena Sood wife of Naresh Sood son of Amrit Lal Sood, Resident of Street No. 4, Birbal Nagar, Hoshiarpur, Tehsil and District Hoshiarpur. .....Plaintiff
Vs.
General Public, and Ors. ....Defendants
Suit for declaration

Publication Issued To:

General Public

In above titled case, the defendant could not be served. It is ordered that defendant should appear in person or through counsel on 09-05-2025 at 10:00 a.m.

For details logon to https://highcourtchd.gov.in/?trs=district notice&district=Hoshiarpur

Additional Civil Judge (Senior Division) Hoshiarpur

Dated, this day of 25-03-2025

COURT NOTICE

In The Court Of Ms. Geeta Rani
Judicial Magistrate 1st Class, Kharar
CNR No. PBSAA1001361/2021
Next Date:- 18.04.2025
NACT 177/2021
U/S 138 NACT ACT PS City Kharar
Tarsem Lal
Vs.
Pritpal Singh Proprietor

Publication Issued To:

1. Pritpal Singh Proprietor of M/S Darbar Bangles Near LD Gold LAB, First Chota Dal Bazar, Ludhiana 141008

2nd. Address :- Darbar Bangles through its Proprietor Pritpal Singh Near LD Gold LAB, First Chota Dal Bazar, Ludhiana 141008

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 18.04.2025 at 10:00 a.m.

For details logon to https://highcourtchd.gov.in/?trs=district_notice&district=SAS Nagar

Judicial Magistrate Ist Class Kharar

Dated, this day of 24.03.2025

ਨਿਲਾਮੀ ਨੋਟਿਸ

ਮੈਂ, ਅਮੀਤ ਕੁਮਾਰ ਅਗਰਵਾਲ ਪੁੱਤਰ ਰਾਜੇਸ਼ ਕੁਮਾਰ ਅਗਰਵਾਲ ਪੁੱਤਰ ਵੇਦ ਪ੍ਰਕਾਸ਼ ਰਿਹਾਇਸ਼ ਮਕਾਨ ਨੰਬਰ-5, ਗੁਰੂ ਅਰਜਨ ਦੇਵ ਨਗਰ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਇਹ ਘੋਸ਼ਿਤ ਕਰਦਾ ਹਾਂ ਕਿ ਮੇਰੀ ਦੁਕਾਨ ਦੀ ਪਹਿਲੀ ਉਰਿਜਨਲ ਸੇਲ ਡੀਡ, ਵਸੀਕਾ ਦਰਜ ਨੰਬਰ 661 ਮਿਤੀ 08-02-1991 ਜੋ ਕਿ U.I.D. No. B-03-0188, 0 ਕਨਾਲ 3 ਮਰਲੇ ਵਿਚ ਬਾਣੀਆਂ ਵਾਲਾ ਬਾਜ਼ਾਰ, ਕਰਤਾਰਪੁਰ, ਤਹਿਸੀਲ ਕਰਤਾਰਪੁਰ ਜ਼ਿਲ੍ਹਾ ਜਲੰਧਰ ਰਾਹੀਂ ਕਮਲੇਸ਼ ਰਾਣੀ ਪਤਨੀ ਵੇਦ ਪ੍ਰਕਾਸ਼ ਪੁੱਤਰ ਹੰਸ ਰਾਜ ਰਿਹਾਇਸ਼ ਕਰਤਾਰਪੁਰ ਸਥਿਤ ਮੇਰੇ ਤੋਂ ਗੁੰਮ ਗਈ ਹੈ ਇਸ ਦੇ ਤਹਿਤ DDR ਕਰਤਾਰਪੁਰ ਥਾਣੇ 'ਚ ਜਮ੍ਹਾਂ ਕਰਵਾ ਦਿੱਤੀ ਗਈ ਹੈ, ਜਿਸ ਦਾ LRN 583109/ 2025 ਹੈ, ਮਿਤੀ 26-03-2025 ਇਸ ਜਨਹਿਤ ਸੂਚਨਾ ਰਾਹੀਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਬੈਂਕ ਨੂੰ ਜੇਕਰ ਕੋਈ ਵੀ ਇਤਰਾਜ਼ ਹੈ ਇਸ ਦੇ ਉੱਤੇ ਇਸ ਦੁਕਾਨ ਦੀ Equitable Mortage ਕਰਨ ਦੀ ਤਾਂ ਉਹ ਅੱਜ ਦੀ ਤਰੀਕ ਤੋਂ 7 ਦਿਨਾਂ ਦੇ ਅੰਦਰ ਦੱਸ ਦੇਵੇ। ਇਸ ਤੋਂ ਬਾਅਦ ਇਸ ਤਹਿਤ ਦੀ ਕੋਈ ਚੀਜ਼ ਵੀ ਨਹੀਂ ਮੰਨੀ ਜਾਵੇਗੀ।

Contact: IDBI RAC 1st floor Ludhiana Ph.:0161-2532707 and email: idrac825@idbi.co.in

ਜਨਤਕ ਨੋਟਿਸ

ਮੈਂ ਗੁਰਮੀਤ ਸਿੰਘ ਪੁੱਤਰ ਭਾਗ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਵਾਂਦਰ, ਤਹਿਸੀਲ ਬਾਘਾ ਪੁਰਾਣਾ ਮੋਗਾ, ਮੋਬਾਈਲ ਨੰਬਰ 81949-03901 ਨੇ ਨਿਮਨਲਿਖਤ ਨੋਟਿਸ ਜਾਰੀ ਕੀਤਾ ਹੈ। ਮੈਂ 1 ਕਨਾਲ 8 ਮਰਲੇ ਜਗ੍ਹਾ ਦਾ ਮਾਲਕ ਹਾਂ, ਜੋ ਮੈਂ ਵਸੀਕਾ ਵਸੀਕਾ ਨੰਬਰ 568 ਮਿਤੀ 24.05.2024 ਨੂੰ ਬਰਗਾੜੀ (ਫਰੀਦਕੋਟ) ਵਿਖੇ ਖਰੀਦ ਕੀਤੀ ਸੀ। ਮੇਰੀ ਇਹ ਅਸਲ ਬੈਨਾਮਾ ਰਜਿਸਟਰੀ ਵਸੀਕਾ ਨੰਬਰ 568 ਰਜਿਸਟਰਡ ਮਿਤੀ 24-05-2024, ਜਿਸ ਦਾ ਖਸਰਾ ਨੰਬਰ 1390/1-8 ਖੇਵਟ ਨੰਬਰ 377, ਖਤੌਨੀ ਨੰਬਰ 703 ਜਮ੍ਹਾਂਬੰਦੀ ਸਾਲ 2018-19, ਗੈਰ-ਮੁਮਕਿਨ ਅਬਾਦੀ ਵਾਕਿਆ ਅਬਾਦੀ ਬਰਗਾੜੀ, ਜੋ ਮਹਿਕਮਾ ਸਬ-ਰਜਿਸਟਰਾਰ ਸਾਹਿਬ ਜੈਤੋ ਤੋਂ ਰਜਿਸਟਰੀ ਹੋਈ ਸੀ। ਇਹ ਮੇਰੀ ਰਜਿਸਟਰੀ ਕਿਧਰੇ ਘਰ ਵਿਚ ਜਾਂ ਬਾਹਰ ਗੁੰਮ ਹੋ ਗਈ ਹੈ। ਕਾਫੀ ਭਾਲ ਦੇ ਬਾਵਜੂਦ ਮੈਨੂੰ ਨਹੀਂ ਮਿਲੀ। ਅਗਰ ਅਸਲ ਬੈਨਾਮਾ ਰਜਿਸਟਰੀ ਜੇਕਰ ਮੈਨੂੰ ਮਿਲ ਜਾਂਦੀ ਹੈ ਤਾਂ ਮੈਂ ਸੰਬੰਧਤ ਵਿਭਾਗ ਕੋਲ ਜਮ੍ਹਾਂ ਕਰਵਾ ਦੇਵਾਂਗਾ ਅਤੇ ਇਸ ਦੀ ਗਲਤ ਵਰਤੋਂ ਨਹੀਂ ਕਰਾਂਗਾ। ਇਸ ਸਬੰਧੀ ਮੈਂ ਡਾਕੂਮੈਂਟ ਲੋਸਟ ਇਨ ਪੰਜਾਬ ਐੱਸ ਆਰ ਨੰਬਰ 534573/2024 ਪੰਜਾਬ ਪੁਲਿਸ ਤਹਿਤ ਬਾਜਾਖਾਨਾ (ਫਰੀਦਕੋਟ) ਵਿਖੇ ਰਿਪੋਰਟ ਦਰਜ ਕਰਵਾਈ ਹੈ। ਇਹ ਮੇਰੀ ਰਜਿਸਟਰੀ ਕਿਸੇ ਕੋਰਟ ਕੇਸ, ਬੈਂਕ, ਪੁਲਿਸ ਜਾਂ ਅਥਾਰਟੀ ਦੇ ਕਬਜ਼ੇ ਵਿਚ ਨਹੀਂ ਹੈ। ਜੇਕਰ ਇਹ ਅਸਲ ਰਜਿਸਟਰੀ ਕਿਸੇ ਵਿਅਕਤੀ ਨੂੰ ਲੱਭੇ ਤਾਂ ਉਕਤ ਪਤੇ 'ਤੇ ਸੰਪਰਕ ਕਰੇ। ਮੈਂ ਆਪਣੀ ਇਸ ਪ੍ਰਾਪਰਟੀ ਨੂੰ ਸਟੇਟ ਬੈਂਕ ਆਫ ਇੰਡੀਆ ਬਰਾਂਚ ਸੁਖਾਨੰਦ (ਮੋਗਾ) ਪਾਸ ਰਹਿਣ ਕਰਕੇ ਲੋਨ ਲੈਣਾ ਚਾਹੁੰਦਾ ਹਾਂ, ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨ ਦੇ ਅੰਦਰ-ਅੰਦਰ ਇਤਰਾਜ਼ ਪੇਸ਼ ਕਰ ਸਕਦਾ ਹੈ।

COURT NOTICE

Complaint-138 Negotiable Instrument Act)
In The Court of
Ms. Lovepreet Kaur Swaich
Judicial Magistrate 1st Class, Ludhiana
CNR No.PBLD03-042279-2021
COMA/13785/2021
M/S Up Money Ltd
Vs
Govind Ram

Notice To:

1) Govind Ram S/o Sh. Chand Ram R/O Vill. Dhurkot Near Gurdwara Sahib, Distt. Barnala Pb. 148107

Whereas it has been proved to the satisfaction of the court that the accused above named cannot be served in the ordinary way of service. Hence this proclamation under section 82 of CRPC is hereby issued against you with a direction that you Should Appear Personally before The Court On 22-04-2025 At 10:00 A.m Or Within 30 Days From The Date Of Publication of this Proclamation. Take Notice That, In default of your part to appear as directed above the above said case will be heard and determined as per Law, in your absence given under my hand and seal of the court

For details logon to https://highcourtchd.gov.in/?trs=district_notice&district=ludhiana

Judicial Magistrate 1st Class, Ludhiana.

Dated, this day of 17.03.2025

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਹਰੀਸ਼ ਕੁਮਾਰ ਤਹਿਸੀਲਦਾਰ ਕਮ-ਸਰਕਲ ਰੈਵੀਨਿਊ ਅਫਸਰ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ

ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2021-22 ਵਾਕਿਆ ਰਕਬਾ ਪਿੰਡ ਸੈਦੋਕੇ ਦੇ ਖਾਤਾ ਨੰਬਰ 68,69,78,86,87 ਦੇ ਵਿੱਚ ਸ੍ਰੀਮਤੀ ਲਖਬਿਦਰ ਕੌਰ ਪਤਨੀ ਗੁਰਬਚਨ ਸਿੰਘ ਵਾਸੀ ਰੇਲਪੁਰ ਟੈਕੀ ਤਾਲਾ ਪਾਨਾ ਗੜ੍ਹ ਬਜ਼ਾਰ ਬਰਦਹਮਨ ਵੈਸਟ ਬੰਗਾਲ ਦੀ ਵਾਕਿਆ ਰਕਬਾ ਪਿੰਡ ਸੈਦੋਕੇ ਦੀ ਜਮ੍ਹਾਂਬੰਦੀ ਵਿੱਚ ਲਖਵਿੰਦਰ ਕੌਰ ਪਤਨੀ ਗੁਰਬਚਨ ਸਿਘ ਤੋਂ ਲਖਬਿਦਰ ਕੌਰ ਪਤਨੀ ਗੁਰਬਚਨ ਸਿੰਘ ਸਹੀ ਨਾਂਅ ਦਾ ਇਦਰਾਜ਼ ਕਰਨ ਬਾਰੇ।

ਨਿਮਨ ਹਸਤਾਖਰ ਦੀ ਅਦਾਲਤ ਵਿੱਚ ਸ੍ਰੀਮਤੀ ਲਖਬਿਦਰ ਕੌਰ ਪਤਨੀ ਗੁਰਬਚਨ ਸਿੰਘ ਵਾਸੀ ਰੇਲਪੁਰ ਟੈਕੀ ਤਾਲਾ ਪਾਨਾ ਗੜ੍ਹ ਬਜ਼ਾਰ ਬਰਦਹਮਨ ਵੈਸਟ ਬੰਗਾਲ ਨੇ ਦਰਖਾਸਤ ਪੇਸ਼ ਕੀਤੀ ਹੈ ਕਿ ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2021-22 ਵਾਕਿਆ ਰਕਬਾ ਪਿੰਡ ਸੈਦੋਕੇ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਦੇ ਖਾਤਾ ਨੰਬਰ 68,69,78,86,87 ਵਿੱਚ ਮੇਰਾ ਨਾਂਅ ਵਰਾਸਤ ਦੇ ਸਮੇਂ ਤੋਂ ਹੀ ਲਖਵਿੰਦਰ ਕੌਰ ਪਤਨੀ ਗੁਰਬਚਨ ਸਿਘ ਆ ਰਿਹਾ ਹੈ, ਜੋ ਕਿ ਗਲਤ ਇਦਰਾਜ਼ ਹੈ, ਜਦ ਕਿ ਮੇਰੇ ਬਾਕੀ ਸਾਰੇ ਦਸਤਾਵੇਜ਼ਾਂ ਵਿੱਚ ਮੇਰਾ ਨਾਂਅ ਲਖਵਿੰਦਰ ਕੌਰ ਪਤਨੀ ਗੁਰਬਚਨ ਸਿੰਘ ਚਲਿਆ ਆ ਰਿਹਾ ਹੈ। ਮੈਂ ਆਪਣਾ ਸਹੀ ਨਾਂਅ ਲਖਬਿਦਰ ਕੌਰ ਪਤਨੀ ਗੁਰਬਚਨ ਸਿੰਘ ਦਾ ਜਮ੍ਹਾਂਬੰਦੀ ਵਿੱਚ/ਮਾਲ ਰਿਕਾਰਡ ਵਿੱਚ ਸੋਧ ਕਰਾਉਣ ਦੀ ਮੰਗ ਕੀਤੀ ਹੈ। ਇਸ ਲਈ ਇਸ ਇਸ਼ਤਿਹਾਰ ਅਖਬਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸੋਧ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ ਬਾਅਦ 21 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਕੋਈ ਵੀ ਉਜ਼ਰ ਇਤਰਾਜ਼ ਨਹੀਂ ਸੁਣਿਆ ਜਾਵੇਗਾ। ਤੇ ਉਕਤ ਨਾਂਅ ਦਾ ਮਾਲ ਰਿਕਾਰਡ ਵਿੱਚ ਸਹੀ ਇਦਰਾਜ਼ ਕਰ ਦਿੱਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤੀ ਗਿਆ ਹੈ।

ਸਹੀ/- ਤਹਿਸੀਲਦਾਰ ਕਮ-ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ

ਨੰਬਰ/ਰੀਡਰ/ਤਹਿ, 182-184 ਮਿਤੀ 26.3.2025

COURT NOTICE

(U/O 5 Rule 20 Cpc)
In The Court of
Ms. Amanpreet Kaur
Civil Judge Junior Division 11, Patiala
CNR No. PBPT02-003345-2024
Next Date:- 16-05-2025
Punjab National Bank through its Manager Sudershna Kumar
Vs.
Parsin Kaur Alias Parsino Deceased through her Lr. Son Raspal Singh

Publication Issued To:

1. Manjit Kaur D/O Late Parsin Kaur W/o Makhan Singh

Spouse: Jaswant Singh R/o Village Masanian, Distt. Gurdaspur

2. Paramjeet Kaur W/o Puran Singh D/o Parsin Kaur W/o Makhan Singh R/o Village Mahima Chak, Teh. Dera Baba Nanak, Distt. Gurdaspur.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16-05-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 11 Patiala

Dated, this day of 26-03-2025

COURT NOTICE

(U/o 5 Rule 20 CPC)
In The Court Of
Ms. Ramandeep Kaur
Civil Judge (Junior Division)-10, Jalandhar
CNR No. PBJL02-001380-2023
Next Date:-12-05-2025

Indusind Bank Limited, Branch Office At 255, 2nd Floor, BIG-C Mall, Lajpat Nagar, Model Town Road opp. Shangrilla Hotel, Near Guru Nanak Mission Chowk, Jalandhar through his attorney Mr. Umesh Tewari

Vs.

1. Yadvinder Singh S/o Lakhvir Singh R/o Vill. Lohgarh, P.O Umarwal Billa, Mehatpur, Distt. Jalandhar, 2. Jaspal Singh S/o Swaran Singh R/o VPO Mehatpur, Distt. Jalandhar

Publication Issued To:

1. Jaspal Singh S/O Swaran Singh, R/o V.P.O. Mehatpur, Distt. Jalandhar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 12-05-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-10 Jalandhar

Dated, this day of 24-03-2025

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਤਹਿਸੀਲਦਾਰ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ।

ਨੋਟਿਸ ਮੁਨਾਦੀ ਅਖਬਾਰ ਇਸ਼ਤਿਹਾਰ ਤਕਸੀਮ ਕੇਸ (ਮਿਸਲ ਨੰਬਰ 490/ਰੀਡਰ-1)

1. ਜਗਤਾਰ ਸਿੰਘ ਪੁੱਤਰ ਹਰਗੋਬਿੰਦਰ ਸਿੰਘ 2. ਸ਼ਰਨਦੀਪ ਸਿੰਘ ਪੁੱਤਰ ਸੁਖਵੀਰ ਸਿੰਘ ਵਾਸੀਆਨ ਪਿੰਡ ਦਾਊ ਮਾਜਰਾ ਤਹਿਸੀਲ ਵਾ ਜ਼ਿਲ੍ਹਾ ਮੋਹਾਲੀ ਖੇਵਟਦਾਰ ਪਿੰਡ ਰਾਏ ਸਿੰਘ ਵਾਲਾ, ਤਹਿਸੀਲ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ। ਸਾਇਲਾਨ

ਬਨਾਮ

1. ਬੀਬੀ ਪੁੱਤਰੀ ਉਤਮ ਸਿੰਘ 2. ਦੇਵਿੰਦਰ ਸਿੰਘ ਪੁੱਤਰ ਹਰੀ ਸਿੰਘ 3. ਰਾਜਿੰਦਰ ਸਿੰਘ ਪੁੱਤਰ ਹਰੀ ਸਿੰਘ 4. ਸੁਖਵਿੰਦਰ ਸਿੰਘ ਪੁੱਤਰ ਹਰੀ ਸਿੰਘ 5. ਦੀਪਇੰਦਰ ਸਿੰਘ ਪੁੱਤਰ ਇਕਬਾਲ ਸਿੰਘ 6. ਜਨਮੀਤ ਸਿੰਘ ਪੁੱਤਰ ਕਰਮ ਸਿੰਘ ਵਾਸੀਆਨ ਪਿੰਡ ਰਾਏ ਸਿੰਘ ਵਾਲਾ, ਤਹਿਸੀਲ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ 7. ਐਕਸਿਸ ਬੈਂਕ ਲਿਮ: ਦਾਊ ਮਾਜਰਾ ਤਹਿਸੀਲ ਵਾ ਜ਼ਿਲ੍ਹਾ ਮੋਹਾਲੀ ਰਾਹੀਂ ਮੈਨੇਜਰ

ਦਰਖਾਸਤ ਜ਼ੇਰ ਧਾਰਾ 111 ਪੰਜਾਬ ਲੈਂਡ ਰੈਵੇਨਿਊ ਐਕਟ 1887 ਅਧੀਨ ਕੀਤੇ ਜਾਣੇ ਤਕਸੀਮ ਬਾਬਤ ਖੇਵਟ ਨੰਬਰ 39 ਪਿੰਡ ਰਾਏ ਸਿੰਘ ਵਾਲਾ, ਤਹਿਸੀਲ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ।

ਇਸ ਨੋਟਿਸ ਅਖਬਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸ ਵਿਚ ਉਕਤ ਖੇਵਟ ਆਦਿ ਵਿਚ ਜੋ ਵੀ ਹਿੱਸੇਦਾਰ ਹਨ। ਜਿਨ੍ਹਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਤਕਸੀਮ ਕੇਸ ਵਿਚ ਉਕਤ ਉੱਤਰਵਾਦੀ/ਉੱਤਰਵਾਦੀਆਨ/ਉਨ੍ਹਾਂ ਦੇ ਵਾਰਸ ਜਾਂ ਉਨ੍ਹਾਂ ਦਾ ਕੋਈ ਵਕੀਲ ਪੈਰਵੀ ਕਰਨਾ ਚਾਹੁੰਦਾ ਹੈ ਤਾਂ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੀ ਅਦਾਲਤ ਵਿਚ ਹਾਜ਼ਰ ਹੋ ਕਰ ਕੇਸ ਦੀ ਪੈਰਵੀ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ। ਇਹ ਨੋਟਿਸ ਮੇਰੇ ਹਸਤਾਖਰਾਂ/ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਤਹਿਸੀਲਦਾਰ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ।

ਨੰਬਰ: 1802/ਰੀਡਰ-1 25/03/25

ਪਬਲਿਕ ਨੋਟਿਸ

ਮੈਂ, ਰੋਹਿਤ ਚੋਧਰੀ ਪੁੱਤਰ ਗੋਪਾਲ ਦੇਵ ਚੋਧਰੀ ਵਾਸੀ ਮਕਾਨ ਨੰ. 65, ਆਰ-ਮਾਡਲ ਟਾਊਨ, ਜਲੰਧਰ ਬਿਆਨ ਕਰਦਾ ਹਾਂ ਕਿ ਮਿਤੀ 01-03-2025 ਨੂੰ ਘਰ ਤੋਂ ਬਜ਼ਾਰ ਵੱਲ ਜਾ ਰਿਹਾ ਸੀ ਕਿ ਮੇਰਾ ਹੈਂਡ ਬੈਗ ਕਿਤੇ ਡਿਗ ਗਿਆ ਜਿਸ ਵਿਚ ਅਸਲ ਰਜਿਸਟਰੀਆਂ ਬੈਨਾਮਾ ਨੰਬਰ 1995 ਮਿਤੀ 10-03-2000, ਬੈਨਾਮਾ ਨੰਬਰ 2178 ਮਿਤੀ 16-03-2000, ਮੁਖਤਾਰ ਨਾਮਾ ਖਾਸ ਨੰ. 3169 ਮਿਤੀ 02-07-1998, ਬੈਨਾਮਾ ਨੰਬਰ 2001 ਮਿਤੀ 13-03-2000, ਮੁਖਤਾਰ ਨਾਮਾ ਖਾਸ ਨੰ. 3142 ਮਿਤੀ 01-07-1998, ਬੈਨਾਮਾ ਨੰਬਰ 855 ਮਿਤੀ 02-05-2000, ਬੈਨਾਮਾ ਨੰਬਰ 871 ਮਿਤੀ 02-05-2000, ਮੁਖਤਾਰ ਨਾਮਾ ਆਮ ਨੰ. 6812 ਮਿਤੀ 10-10-1997 ਬੈਨਾਮਾ ਨੰਬਰ 8475 ਮਿਤੀ 04-10-1996, ਬੈਨਾਮਾ ਨੰਬਰ 8476 ਮਿਤੀ 04-10-1996, ਬੈਨਾਮਾ ਨੰਬਰ 6518 ਮਿਤੀ 08-01-1969, ਮੁਖਤਾਰਨਾਮਾ ਆਮ ਨੰ. 2631 ਮਿਤੀ 25-06-1996, ਮੁਖਤਾਰਨਾਮਾ ਨਾਮਾ ਖਾਸ ਨੰ. 3102 ਮਿਤੀ 30-06-1998, ਵਸੀਅਤ ਨਾਮਾ ਮਿਤੀ 06-06-1998 ਤੇ ਕੁਝ ਹੋਰ ਫੋਟੋ ਕਾਪੀਆ ਆਦਿ ਸਨ। ਇਹ ਕਿ ਮੈ ਉਕਤ ਹੈਂਡ ਬੈਗ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਹ ਕਿਤੇ ਨਹੀ ਮਿਲਿਆ ਹੈ। ਇਹ ਕਿ ਮੈਂ ਉਕਤ ਅਸਲ ਰਜਿਸਟਰੀਆ ਨੂੰ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਵਿਤ ਕਾਰਪੋਰੇਸ਼ਨ ਜਾਂ ਫਾਈਨੈਂਸ਼ੀਅਲ ਇਸਟੀਚਿਊਟ ਜਾਂ ਬੈਂਕ ਪਾਸ ਗਿਰਵੀ ਨਹੀ ਰੱਖਿਆ ਹੈ। ਜੇ ਕਿਸੇ ਨੂੰ ਇਹ ਸਾਰੇ ਦਸਤਾਵੇਜ਼ਾਂ ਵਾਲਾ ਬੈਗ ਮਿਲਦਾ ਹੈ ਤੇ ਦਿੱਤੇ ਗਏ ਪਤੇ ਤੇ ਸੰਪਰਕ ਕਰ ਸਕਦਾ ਹੈ।

NOTICE INVITING RATES FOR CONSTRUCTION

Sealed Quotations on through rate basis are invited from Contractors for the construction of Commercial Complex and Academic Block at Ramgarhia College of Education, Phagwara within seven days. For details contact Chairperson, Ramgarhia Educational Council, Phagwara office.

RAMGARHIA COLLEGE OF EDUCATION, PHAGWARA

Applications are invited for the following regular posts:

- M.Ed.

Professor in Education (01), Assistant Professor (02)

- B.Ed.

Assistant Professors in Perspective of Education (03)
– Desirable : M.A. in Philosophy, Psychology, History, Education
Assistant Professors in Education (Pedagogy) (05)
– Hindi, Home Science, Music,
Computer Science, Physical Education

Qualification and grade as per UGC/NCTE/State Govt./GNDU norms. Eligible candidates may apply to The President, Ramgarhia Educational Council, Phagwara, within 15 days of this advertisement via Registered Post. Reservation as per Punjab Govt. rules.

President

District Level Micro Small Enterprises Facilitation Counsil Notice

(U/o 5 Rule 20 CPC)
In the court of Sakshi Sawhney
(DLMSEFC cum Deputy Commissioner Amritsar).
M/s Amit Kumar Sumit Kumar Jain, 1955,Bazaar Loharan, Amritsar
VS
M/s RDESCO Agro Foods,
Opp. Focal Point Balluana, Malout Road, Abohar, Fazilika.

Online application no. and date UDYAM-PB-01-0000760/S/00003 Date 06-04-2024

Application has been filed u/s section 18 MSME Act 2006 in DLMSEFC by M/s Amit Kumar Sumit Kumar Jain, 1955, Bazaar Loharan, Amritsar.

Publication issued to:

M/s RDESCO Agro Foods,

Address: Opp. Focal Point Balluana, Malout Road, Abohar, Fazillka.

in the above title case, the defendants/respondent(s) could not be served. It is ordered that defendant (s)/ respondent(s) should appear in person or through council on 17.04.2025 at 12.00 PM. This is last Opportunity to appear before the council otherwise the case will be exparte.

Dated this day of 27/02/2025.

Member Secretary cum General Manager, O/C (DLMSEFC) District Industries Centre, Focal Point, Amritsar.

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋ

28-MAR-PAGE-7.qxd 3/27/2025 9:24 PM Page 1

ਛੱਪੜ 'ਤੇ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਪਿੰਡ ਮਾਛੀਕੇ ਵਿੱਚ ਮਨਜੀਤ ਸਿੰਘ ਬਿਲਾਸਪੁਰ ਐੱਮ ਐੱਲ ਏ ਨਿਹਾਲ ਸਿੰਘ ਵਾਲਾ ਵੱਲੋਂ ਛੱਪੜ ਲਈ ਦਿੱਤੀ ਗਈ ਗਰਾਟ ਦੁਆਰਾ ਛੱਪੜ ਤੇ ਉਸਾਰੀ ਦਾ ਕੰਮ ਸਰਪੰਚ ਜਗਮੋਹਨ ਸਿੰਘ ਤੇ ਸਮੂਹ ਗਰਾਮ ਪੰਚਾਇਤ ਤੇ ਡਾਕਟਰ ਬੱਬੂ ਮਾਛੀਕੇ ਬਲਾਕ ਪਰਧਾਨ ਤੇ ਆਮ ਆਦਮੀ ਪਾਰਟੀ ਦੀ ਟੀਮ ਦੁਆਰਾ ਸ਼ੁਰੂ ਕਰਵਾਇਆ ਗਿਆ। ਇਸ ਸਮੇਂ ਹਾਜਰ ਸਨ ਜਗਜੀਤ ਸਿੰਘ ਪੰਚ ਭੋਲਾ ਸਿੰਘ ਪੰਚ ਹਾਕਮ ਸਿੰਘ ਪੰਚ ਡਾਕਟਰ ਕੁਲਦੀਪ ਸਿੰਘ ਪੰਚ ਪਰਮਿੰਦਰ ਸਿੰਘ ਕਾਲਾ ਪੰਚ ਮੈਂਗਲ ਸਿੰਘ ਪੰਚ ਗੁਰਪਿਆਰ ਸਿੰਘ ਪੰਚ ਕਰਮਜੀਤ ਸਿੰਘ ਕੋਚ ਪੰਚ ਚੰਦ ਸਿੰਘ ਪੰਚ ਬੱਬੀ ਸਿੰਘ ਆਪ ਆਗੂ ਗੁਰਪੀਤ ਸਿੰਘ ਆਪ ਆਗੂ ਅਮਰਜੀਤ ਸਿੰਘ ਮਿੰਟੂ ਆਪ ਆਗੂ ਬਲਜੀਤ ਸਿੰਘ ਠੇਕੇਦਾਰ ਕਰਮਜੀਤ ਕੰਮਾ ਸਾਬਕਾ ਪੰਚ ਜੀਤਾ ਸਾਬਕਾ ਪੰਚ ਸੱਤਪਾਲ ਸਿੰਘ ਬੀਟਾ ਹਾਜ਼ਰ ਸਨ। ਇਸ ਸਮੇਂ ਸਮੂਹ ਗਰਾਮ ਪੰਚਾਇਤ ਤੇ ਆਮ ਆਦਮੀ ਪਾਰਟੀ ਦੀ ਟੀਮ ਨੇ ਐੱਮ ਐੱਲ ਏ ਮਨਜੀਤ ਸਿਘ ਬਿਲਾਸਪੁਰ ਦਾ ਧੰਨਵਾਦ ਕੀਤਾ।

ਖੱਤਰੀਵਾਲਾ ਦੇ 80 ਪਰਵਾਰ ਭਾਜਪਾ 'ਚ ਸ਼ਾਮਲ

ਬਰੇਟਾ (ਗੋਬਿੰਦ ਸ਼ਰਮਾ, ਰੀਤਵਾਲ)-ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਭਾਰੀ ਬਲ ਮਿਲਿਆ, ਜਦੋਂ ਪਿੰਡ ਖੱਤਰੀਵਾਲਾ ਦੇ ਲਗਭਗ 80 ਦੇ ਕਰੀਬ ਪਰਵਾਰ ਮੰਡਲ ਬਰੇਟਾ ਦੇ ਪ੍ਰਧਾਨ ਗਗਨਦੀਪ ਸ਼ਰਮਾ ਦੀ ਮਿਹਨਤ ਅਤੇ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ ਦੀ ਅਗਵਾਈ ਵਿੱਚ ਹੋਰ ਪਾਰਟੀਆਂ ਛੱਡ ਕੇ ਬੀਜੇਪੀ ਵਿੱਚ ਸ਼ਾਮਲ ਹੋਏ।ਇਸ ਮੌਕੇ ਇਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਾਉਣ ਲਈ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਪੁੱਜੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ ਲੋਕ ਭਲਾਈ ਦੀਆਂ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਲਾਭ ਪੰਜਾਬ ਦੇ ਲੱਖਾਂ ਲੋਕ ਲੈ ਰਹੇ ਹਨ, ਜਿਨ੍ਹਾਂ ਵਿੱਚ ਅਵਾਸ ਯੋਜਨਾ, ਵਿਸ਼ਵਕਰਮਾ ਯੋਜਨਾ, ਪੀਐਮ ਕਿਸਾਨ ਸਨਮਾਨ ਨਿਧੀ, ਬਿਮਾ ਯੋਜਨਾ ਮੁੱਖ ਹਨ।ਭੋਲਾ ਸਿੰਘ ਸੂਬੇਦਾਰ ਨੇ ਕਿਹਾ ਕਿ ਹੁਣ ਬੀਜੇਪੀ ਸ਼ਹਿਰਾ ਤੋਂ ਇਲਾਵਾ ਪਿੰਡਾਂ ਵਿੱਚ ਆਪਣੇ ਪੈਰ ਜਮਾ ਰਹੀ ਹੈ।ਇਸ ਲਈ ਲੋਕ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਬੀਜੇਪੀ ਵਿੱਚ ਸ਼ਾਮਲ ਹੋ ਰਹੇ ਹਨ।ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਸ਼ਾਮਲ ਹੋਣ ਵਾਲੇ ਸਾਰੇ ਵਰਕਰਾਂ ਨੂੰ ਵਿਸ਼ਵਾਸ਼ ਦਵਾਇਆ ਕਿ ਉਹਨਾਂ ਨੂੰ ਪਾਰਟੀ ਵਿੱਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।

ਰੌਂਤਾ 'ਚ ਥਾਣੇਦਾਰ ਪੂਰਨ ਸਿੰਘ ਦਾ ਰੌਂਤਾ ਟਰੱਸਟ ਵੱਲੋਂ ਸਨਮਾਨ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਪੰਜਾਬ ਪੁਲਸ ਜਨਤਾ ਦੇ ਮਾਣ-ਸਨਮਾਨ ਦੇ ਨਾਲ ਉਨ੍ਹਾਂ ਦੀ ਸੁਰੱਖਿਆ ਲਈ ਵੀ ਵਚਨਬੱਧ ਹੈ।ਲੋਕਾਂ ਲਈ ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦੀ।ਹਰੇਕ ਪੁਲਸ ਅਧਿਕਾਰੀ ਚਾਹੁੰਦਾ ਹੈ ਕਿ ਉਸ ਦੇ ਖੇਤਰ ਵਿੱਚ ਹਰ ਵਿਅਕਤੀ ਬੇਖ਼ੌਫ਼ ਹੋ ਕੇ ਆਪਣਾ ਕੰਮ ਕਾਜ ਕਰੇ।ਇਹ ਵਿਚਾਰ ਥਾਣਾ ਮੁਖੀ ਪੂਰਨ ਸਿੰਘ ਨੇ ਸਾਹਿਤਕਾਰ ਤੇ ਸਾਬਕਾ ਬਲਾਕ ਸਿੱਖਿਆ ਅਧਿਕਾਰੀ ਮਰਹੂਮ ਤੇਜਾ ਸਿੰਘ ਰੌਂਤਾ ਦੇ ਘਰ ਪਿੰਡ ਰੌਂਤਾ ਵਿਖੇ ਮਿਲਣੀ ਦੌਰਾਨ ਪ੍ਰਗਟਾਏ।ਇਸ ਸਮੇਂ ਰੇਸ਼ਮ ਸਿੰਘ ਤੂਰ, ਬਲਕਾਰ ਸਿੰਘ ਰਾਏਕਾ, ਕੈਪਟਨ ਹਰਬੰਸ ਸਿੰਘ ਆਦਿ ਤੇ ਰਾਜਵਿੰਦਰ ਰੌਂਤਾ ਅਤੇ ਪਰਵਾਰ ਮੌਜੂਦ ਸੀ।ਉਨ੍ਹਾਂ ਥਾਣੇਦਾਰ ਪੂਰਨ ਸਿੰਘ ਨੂੰ ਜੀ ਆਇਆਂ ਨੂੰ ਆਖਿਆ।ਐੱਸ ਐੱਚ ਓ ਪੂਰਨ ਸਿੰਘ ਨੇ ਆਖਿਆ ਕਿ ਮੈਂ ਤੇਜਾ ਸਿੰਘ ਰੌਂਤਾ ਦੇ ਦਰਸ਼ਨ ਦੀਦਾਰੇ ਕੀਤੇ ਹਨ ਤੇ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਹਾਂ। ਉਨ੍ਹਾਂ ਰਾਜਵਿੰਦਰ ਰੌਂਤਾ ਦੇ ਸਪੁੱਤਰ ਸਰਗਮ ਨੂੰ ਪਿਆਰ ਅਸ਼ੀਰਵਾਦ ਦਿੰਦਿਆਂ ਦੁਆ ਕੀਤੀ ਕਿ ਸਰਗਮ ਹਿੰਮਤੀ ਬੱਚਾ ਹੈ ਤੇ ਜਲਦ ਤੰਦਰੁਸਤ ਹੋ ਕੇ ਕੁਝ ਮਹਾਨ ਬਣੇਗਾ।ਜ਼ਿਕਰਯੋਗ ਹੈ ਕਿ ਸਰਗਮ ਦੇ 2018 'ਚ ਹਾਦਸੇ ਦੌਰਾਨ ਗਰਦਨ ਦੇ ਮਣਕੇ ਟੁੱਟ ਗਏ ਸੀ। ਰਾਜਵਿੰਦਰ ਰੌਂਤਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਪੂਰਨ ਸਿੰਘ ਪੁਲਸ ਦੇ ਦੂਰਅੰਦੇਸ਼ੀ ਯੋਗ ਕੁਸ਼ਲ ਤੇ ਨਾਮੀ ਅਧਿਕਾਰੀ ਹਨ।ਉਨ੍ਹਾਂ ਨੂੰ ਧਾਰਮਿਕ (ਗੁਰਬਾਣੀ) ਤੇ ਸਾਹਿਤ ਸਮਾਜ ਬਾਰੇ ਵਸੀਹ ਗਿਆਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ 'ਚ ਹੁਨਰ ਵਿਕਾਸ ਪ੍ਰਮਾਣੀਕਰਣ ਪ੍ਰੋਗਰਾਮ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਣਜ ਅਤੇ ਪ੍ਰਬੰਧਨ ਵਿਭਾਗ ਨੇ ਬੀਐਸਈ ਤੇ ਕ੍ਰਿਸ਼ੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਦੋ ਦਿਨਾਂ ਹੁਨਰ ਵਿਕਾਸ ਪ੍ਰਮਾਣੀਕਰਣ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ।ਲੈਵਲ 1 ਅਤੇ ਲੈਵਲ 2 'ਤੇ ਕਰਾਏ ਗਏ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਮਿਊਚਲ ਫੰਡ ਸੈਕਟਰ ਵਿੱਚ ਜ਼ਰੂਰੀ ਉਦਯੋਗਿਕ ਹੁਨਰਾਂ ਨਾਲ ਲੈਸ ਕਰਨਾ ਸੀ।ਕੁੱਲ 120 ਵਿਦਿਆਰਥੀਆਂ ਨੇ ਸਿਖਲਾਈ ਸੈਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ।ਪਹਿਲੇ ਦਿਨ, ਲੈਵਲ 1 ਸਿਖਲਾਈ ਕਰਾਈ ਗਈ, ਜਿਸ ਦਾ ਅੰਤ ਇੱਕ ਟੈਸਟ ਵਿੱਚ ਹੋਇਆ, ਜਿੱਥੇ 61 ਵਿਦਿਆਰਥੀਆਂ ਨੇ ਮੁਲਾਂਕਣ ਨੂੰ ਸਫਲਤਾਪੂਰਵਕ ਪਾਸ ਕੀਤਾ।ਇਨ੍ਹਾਂ ਵਿਦਿਆਰਥੀਆਂ ਨੇ ਦੂਜੇ ਦਿਨ ਲੈਵਲ 2 ਸਿਖਲਾਈ ਦੌਰਾਨ ਖੇਤਰ ਦੀ ਡੂੰਘੀ ਸਮਝ ਪ੍ਰਾਪਤ ਹੋਈ। ਇਹ ਪਹਿਲ ਵਿਦਿਆਰਥੀਆਂ ਵਿੱਚ ਸਵੈ-ਨਿਰਭਰਤਾ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤੀ ਗਈ, ਜੋ ਮਿਊਚਲ ਫੰਡ ਉਦਯੋਗ ਦੇ ਤੇਜ਼ੀ ਨਾਲ ਵਿਸਥਾਰ ਦੇ ਨਾਲ ਮੇਲ ਖਾਂਦੀ ਹੈ, ਜਿਹੜੇ ਵਿਦਿਆਰਥੀਆਂ ਨੇ 2 ਟੈੱਸਟ ਨੂੰ ਸਫ਼ਲਤਾਪੂਰਵਕ ਪਾਸ ਕੀਤਾ ਹੈ, ਉਹ ਮਿਊਅਲ ਫੰਡ ਸਲਾਹਕਾਰਾਂ ਵਜੋਂ ਕੰਮ ਕਰਨ, ਆਪਣੇ ਕਰੀਅਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਤੇ ਸਵੈ-ਰੁਜ਼ਗਾਰ ਲਈ ਰਾਹ ਖੋਲ੍ਹਣ ਲਈ ਤਿਆਰ ਕੀਤੇ ਜਾਣਗੇ।ਸਿਖਲਾਈ ਸੈਸ਼ਨ ਸ਼੍ਰੀਮਤੀ ਗੁਰਪ੍ਰੀਤ ਕੌਰ ਦੁਆਰਾ ਕਰਾਏ ਗਏ, ਜੋ ਕ੍ਰਿਸ਼ਾ ਫਾਊਂਡੇਸ਼ਨ ਤੋਂ ਇੱਕ ਪ੍ਰਮਾਣਿਤ ਟ੍ਰੇਨਰ ਤੇ ਸਲਾਹਕਾਰ ਹਨ। ਵਿਭਾਗ ਦੇ ਮੁਖੀ ਡਾ. ਕੰਚਨ ਨੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਦਾ ਧੰਨਵਾਦ ਕੀਤਾ।

ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਜੀਵਨੀ ਤੇ ਗ਼ਦਰ ਲਹਿਰ 'ਚ ਯੋਗਦਾਨ ਕਿਤਾਬਚਾ ਲੋਕ ਅਰਪਣ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਬਰਨਾਲਾ ਵੱਲੋਂ ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ ਵਿਖੇ ਸ਼ਹੀਦ ਰਹਿਮਤ ਅਲੀ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ ਕਰਾਇਆ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ, ਨਿਰਮਲ ਚੁਹਾਣਕੇ, ਸੁਖਦੀਪ ਤਪਾ, ਰਾਜਿੰਦਰ ਗੁਰੂ, ਬਲਜਿੰਦਰ ਪ੍ਰਭੂ, ਰਮਨਦੀਪ ਬਰਨਾਲਾ, ਸਰਪੰਚ ਬਲਵਿੰਦਰ ਕੌਰ, ਦਾਰਾ ਸਿੰਘ ਫੌਜੀ ਦੀ ਅਗਵਾਈ ਹੇਠ ਸ਼ਹੀਦ ਰਹਿਮਤ ਅਲੀ ਦੇ ਜੀਵਨ ਤੇ ਗ਼ਦਰ ਲਹਿਰ 'ਚ ਪਾਏ ਯੋਗਦਾਨ ਸੰਬੰਧੀ ਇੱਕ ਕਿਤਾਬਚਾ ਲੋਕ ਅਰਪਣ ਕੀਤਾ ਗਿਆ।ਹੈੱਡਮਾਸਟਰ ਜਸਵਿੰਦਰ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ।ਸੁਖਵਿੰਦਰ ਸੁੱਖ ਨੇ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਤੇ ਗ਼ਦਰ ਲਹਿਰ ਉਪਰ ਚਾਨਣਾ ਪਾਇਆ।ਡੀ.ਟੀ.ਐੱਫ਼ ਆਗੂ ਮਨਮੋਹਨ ਭੱਠਲ, ਪ੍ਰਧਾਨ ਰਾਜੀਵ ਕੁਮਾਰ ਨੇ ਕਿਹਾ ਕਿ ਗ਼ਦਰ ਲਹਿਰ ਦੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਗ਼ਦਰ ਪਾਰਟੀ ਦੇ ਧਰਮ ਨਿਰਪੱਖਤਾ, ਸਾਂਝੀਵਾਲਤਾ, ਜਮਹੂਰੀਅਤ, ਸਮਾਨਤਾ ਅਤੇ ਆਪਾਂ ਵਾਰਨ ਦੇ ਸੁਨੇਹੇ ਤੋਂ ਸਾਨੂੰ ਸੇਧ ਲੈਣ ਦੀ ਲੋੜ ਹੈ।ਅਖੀਰ 'ਚ ਡੀ ਟੀ ਐੱਫ ਬਰਨਾਲਾ ਦੀ ਇਕਾਈ ਵੱਲੋਂ ਸ਼ਹੀਦ ਰਹਿਮਤ ਅਲੀ ਵਜੀਦਕੇ ਦੇ ਬੁੱਤ ਤੇ ਹਾਰ ਪਾ ਕੇ ਅਕਾਸ਼ ਗੂੰਜਾਊ ਇਨਕਲਾਬੀ ਨਾਅਰਿਆਂ ਦੀ ਗੂੰਜ ਵਿੱਚ ਗ਼ਦਰੀ ਸੂਰਬੀਰ ਦੀ ਕੁਰਬਾਨੀ ਨੂੰ ਯਾਦ ਕਰਦਿਆ ਸ਼ਹੀਦਾਂ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਅਹਿਦ ਲਿਆ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ਲਾਘਾਯੋਗ : ਤਲਵਿੰਦਰ ਉਮਰੀਆਨਾ

ਕੋਟ ਈਸੇ ਖਾਂ (ਅਰੋੜਾ)-ਪੰਜਾਬ ਵਿੱਚ ਪਿਛਲੇ ਲੰਬੇ ਸਮੇਂ ਤੋਂ ਵੱਡੇ ਪੱਧਰ 'ਤੇ ਨਸ਼ਿਆਂ ਦਾ ਧੰਦਾ ਕੀਤਾ ਜਾ ਰਿਹਾ ਹੈ ਤੇ ਅੱਜ ਦੇ ਨੌਜਵਾਨੀ ਨਸ਼ਿਆਂ ਵਿੱਚ ਬਹੁਤ ਜ਼ਿਆਦਾ ਧੱਸ ਚੁੱਕੀ ਹੈ, ਜਿਸ 'ਤੇ ਕਾਰਵਾਈ ਕਰਦਿਆਂ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਦੇ ਵਿਰੁੱਧ ਚਲਾਈ ਗਈ ਹੈ, ਜਿਸ ਨਾਲ ਨਸ਼ਿਆਂ ਦੇ ਸਮਗਲਿੰਗ ਖਿਲਾਫ਼ ਵੱਡੀ ਕਾਰਵਾਈ ਦੇਖਣ ਨੂੰ ਮਿਲ ਰਹੀ ਹੈ ਤੇ ਨਸ਼ੇ ਵੇਚਣ ਵਾਲਿਆਂ ਵਿੱਚ ਕਾਫੀ ਡਰ ਪਾਇਆ ਜਾ ਰਿਹਾ ਹੈ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਸਪਗਲਿੰਗ ਕਰਨ ਵਾਲੇ ਦੋਸ਼ੀਆਂ ਖਿਲਾਫ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੀਆਂ ਨਜਾਇਜ਼ ਪ੍ਰਾਪਰਟੀਆਂ ਵੀ ਸੀਜ ਕੀਤੀਆਂ ਜਾ ਰਹੀਆਂ ਹਨ, ਜੋ ਇੱਕ ਬਹੁਤ ਵਧੀਆ ਫੈਸਲਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਤੋਂ ਸੋਸ਼ਲ ਮੀਡੀਆ ਦੇ ਪ੍ਰਧਾਨ ਤਲਵਿੰਦਰ ਸਿੰਘ ਉਮਰੀਆਨਾ ਨੇ ਕੀਤਾ।

ਚੋਣਾਂ ਦੀ ਰੰਜ਼ਿਸ਼ ਨੂੰ ਲੈ ਕੇ ਦਰਾਣੀ ਤੇ ਜਠਾਣੀ ਦੀ ਕੀਤੀ ਕੁੱਟਮਾਰ, 6 ਨਾਮਜ਼ਦ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਗੁਰੂਹਰਸਹਾਏ ਦੀ ਬਸਤੀ ਵੱਲੂ ਸਿੰਘ ਵਾਲੀ ਵਿਖੇ ਇਲੈਕਸ਼ਨ ਦੀ ਰੰਜ਼ਿਸ਼ ਨੂੰ ਲੈ ਕੇ ਦਰਾਣੀ ਤੇ ਜਠਾਣੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਥਾਣਾ ਗੁਰੂਹਰਸਹਾਏ ਪੁਲਿਸ ਨੇ 5 ਬਾਏ ਨੇਮ ਲੋਕਾਂ ਅਤੇ ਇਕ ਅਣਪਛਾਤੇ ਵਿਅਕਤੀ ਖਿਲਾਫ 333, 115 (3), 303 (2), 191 (3), 190 ਬੀਐੱਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕੈਲਾਸ਼ ਰਾਣੀ ਪਤਨੀ ਗੁਰਨਾਮ ਸਿੰਘ ਸਰਪੰਚ ਵਾਸੀ ਢਾਣੀ ਬਾਬਾ ਵੱਲੂ ਸਿੰਘ ਨੇ ਦੱਸਿਆ ਕਿ 10 ਮਾਰਚ 2025 ਨੂੰ ਰਾਤ ਕਰੀਬ 10 ਵਜੇ ਉਹ ਤੇ ਉਸ ਦੀ ਜਠਾਣੀ ਸ਼ੀਲੋ ਪਤਨੀ ਹਰਮੇਸ਼ ਸਿੰਘ ਘਰ ਵਿਚ ਮੌਜੂਦ ਸੀ ਤਾਂ ਦੋਸ਼ੀਅਨ ਹਰਜਿੰਦਰ ਸਿੰਘ ਉਰਫ ਜਿੰਦੂ ਪੁੱਤਰ ਜਰਨੈਲ ਸਿੰਘ, ਲਵਪ੍ਰੀਤ ਸਿੰਘ ਪੁੱਤਰ ਚੰਨ ਸਿੰਘ, ਰਿਪੋ ਰਾਣੀ ਪਤਨੀ ਚੰਨ ਸਿੰਘ, ਸਿਮਰਨਜੀਤ ਸਿੰਘ ਪੁੱਤਰ ਰਮੇਸ਼ ਸਿੰਘ, ਰਸ਼ਪਾਲ ਸਿੰਘ ਪੁੱਤਰ ਜੰਗੀਰ ਸਿੰਘ ਵਾਸੀਅਨ ਢਾਣੀ ਬਾਬਾ ਵੱਲੂ ਸਿੰਘ ਅਤੇ ਇਕ ਅਣਪਛਾਤਾ ਵਿਅਕਤੀ ਹਮਮਸ਼ਵਰਾ ਹੋ ਕੇ ਉਸ ਦੇ ਘਰ ਦਾਖਲ ਹੋ ਕੇ ਉਸ ਦੀ ਤੇ ਉਸ ਦੀ ਜਠਾਣੀ ਸ਼ੀਲੋ ਦੇ ਸੱਟਾਂ ਮਾਰੀਆਂ ਅਤੇ ਉਸ ਦੇ ਹੱਥ ਵਿਚ ਫੜਿਆ ਮੋਬਾਇਲ ਫੋਨ ਖੋਹ ਕੇ ਲੈ ਗਏ। ਵਜ਼ਾ ਰੰਜ਼ਿਸ਼ ਇਹ ਹੈ ਕਿ ਉਹ ਇਲੈਕਸ਼ਨ ਦੋਸ਼ੀਅਨ ਦੇ ਵਿਰੁੱਧ ਲੜੇ ਸੀ, ਉਹ ਇਲੈਕਸ਼ਨ ਜਿੱਤ ਗਏ ਸਨ। ਇਸੇ ਰੰਜ਼ਿਸ਼ ਕਰਕੇ ਉਕਤ ਦੋਸ਼ੀਅਨ ਨੇ ਉਨ੍ਹਾਂ ਦੇ ਸੱਟਾਂ ਮਾਰੀਆਂ। ਸਹਾਇਕ ਥਾਣੇਦਾਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਤਨਖਾਹ ਨਾ ਮਿਲਣ ਕਾਰਨ ਅਧਿਆਪਕਾਂ 'ਚ ਰੋਸ : ਸੁਰਿੰਦਰ ਪੁਆਰੀ

ਚੌਕੀਮਾਨ (ਇੰਜ ਬਲਬੀਰ ਸਿੰਘ ਮਾਨ)-ਪੰਜਾਬ ਨੂੰ ਕਰਜ਼ ਮੁਕਤ ਕਰਕੇ ਪੰਜਾਬ ਦਾ ਖਜ਼ਾਨਾ ਭਰਨ ਦੀਆਂ ਗੱਲਾਂ ਕਰਨ ਵਾਲ਼ੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ।ਪਿਛਲੇ ਕਈ ਸਾਲਾਂ ਬਾਅਦ ਇਸ ਸਾਲ ਪੰਜਾਬ ਦੇ ਵੱਡੀ ਗਿਣਤੀ ਵਿੱਚ ਸਿੱਖਿਆ ਵਿਭਾਗ ਦੇ ਮੁਲਾਜ਼ਮ ਤੇ ਆਧਿਆਪਕ ਫ਼ਰਵਰੀ ਮਹੀਨੇ ਦੀ ਤਨਖ਼ਾਹ ਨੂੰ ਤਰਸ ਰਹੇ ਹਨ।ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸਰਪ੍ਰਸਤ ਚਰਨ ਸਿੰਘ ਸਰਾਭਾ, ਕਾਰਜਕਾਰੀ ਜਨਰਲ ਸਕੱਤਰ ਪਰਵੀਨ ਕੁਮਾਰ ਲੁਧਿਆਣਾ ਤੇ ਜਿੰਦਰ ਪਾਇਲਟ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖ਼ਾਨਪੁਰ, ਵਿੱਤ ਸਕੱਤਰ ਨਵੀਨ ਸਚਦੇਵਾ ਜ਼ੀਰਾ, ਸਲਾਹਕਾਰ ਪ੍ਰੇਮ ਚਾਵਲਾ, ਗੁਰਪ੍ਰੀਤ ਸਿੰਘ ਮਾੜੀਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਪਰਮਿੰਦਰਪਾਲ ਸਿੰਘ ਕਾਲੀਆ ਆਗੂਆਂ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਬਹੁਤ ਸਾਰੇ ਸਕੂਲਾਂ ਨੂੰ ਹਾਲੇ ਤੱਕ ਲੋੜੀਂਦਾ ਬੱਜਟ ਜਾਰੀ ਨਹੀਂ ਕੀਤਾ ਗਿਆ, ਜਿਸ ਕਾਰਨ ਅਧਿਆਪਕਾਂ ਤੇ ਮੁਲਾਜ਼ਮਾਂ ਦੀ ਫ਼ਰਵਰੀ

28 Mar Page-8.qxd 3/27/2025 11:08 PM Page 1

ਬਜਟ ਨੇ ਮਜ਼ਦੂਰਾਂ, ਮੁਲਾਜ਼ਮਾਂ ਤੇ ਕਿਸਾਨਾਂ ਨੂੰ ਕੀਤਾ ਨਿਰਾਸ਼ : ਐਡਵੋਕੇਟ ਰਣਜੀਤ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਐਡਵੋਕੇਟ ਰਣਜੀਤ ਕੁਮਾਰ, ਇੰਚਾਰਜ ਇੰਡੀਅਨ ਨੈਸ਼ਨਲ ਕਾਂਗਰਸ ਹਲਕਾ ਚੱਬੇਵਾਲ ਨੇ ਇੱਕ ਪ੍ਰੈਸ ਬਿਆਨ ਰਾਹੀਂ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵਲੋਂ ਪੇਸ਼ ਕੀਤੇ ਬਜਟ 2025 ਵਿੱਚ ਮਜਦੂਰਾਂ, ਮੁਲਾਜ਼ਮਾਂ ਅਤੇ ਕਿਸਾਨਾਂ ਲਈ ਨਾ ਤਾਂ ਕੋਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਗਏ ਹਨ, ਅਤੇ ਨਾ ਹੀ ਉਹਨਾਂ ਦੀ ਭਲਾਈ ਅਤੇ ਤਰੱਕੀ ਵਾਸਤੇ ਕੋਈ ਪੁੱਖਤਾ ਯੋਜਨਾ ਰੱਖੀ ਗਈ ਹੈ। ਨਿੱਤ ਵੱਧ ਰਹੀ ਮਹਿੰਗਾਈ ਦੇ ਬਾਵਜੂਦ, ਮਜਦੂਰਾਂ ਦੀ ਦਿਹਾੜੀ ਵਿੱਚ ਵਾਧਾ ਕਰਨ ਜਾਂ ਆਰਥਿਕ ਸਹਾਇਤਾ ਦੇਣ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਇਸ ਦੇ ਨਾਲ ਹੀ, ਕਿਸਾਨਾਂ ਨੂੰ ਫ਼ਸਲਾ ਤੇ ਐਮਐਸਪੀ ਜਾਂ ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣ ਵਾਸਤੇ ਕੋਈ ਯੋਜਨਾ ਪੇਸ਼ ਨਹੀਂ ਕੀਤੀ ਗਈ। ਮੁਲਾਜ਼ਮਾਂ ਨੂੰ ਕੇਂਦਰ ਦੇ ਬਰਾਬਰ ਡੀ ਏ ਅਤੇ ਬਕਾਏ ਦੇਣ ਬਾਰੇ ਕੋਈ ਭਰੋਸਾ ਨਹੀਂ ਦਿੱਤਾ ਗਿਆ। ਔਰਤਾਂ ਨੂੰ ਤਿੰਨ ਸਾਲ ਪਹਿਲਾਂ ਆਮ ਆਦਮੀ ਪਾਰਟੀ ਵਲੋਂ ਕੀਤੇ ਵਾਦੇ ਮੁਤਾਬਕ 1000-1000 ਰੁਪਏ ਦੇਣ ਬਾਰੇ ਕੋਈ ਸਮਾਂ ਜਾਂ ਫੰਡ ਨਿਰਧਾਰਿਤ ਨਹੀਂ ਕੀਤੇ ਗਏ ਜੋ ਦੀ ਆਮਦਨ ਨਹੀਂ ਵੱਧੀ ਬਲਕਿ ਪੰਜਾਬ ਉੱਤੇ ਲਗਭਗ 382 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਚੁੱਕਾ ਹੈ ਇਹ ਸਰਕਾਰ ਦੀ ਵਿੱਤੀ ਬੱਦ ਇੰਤਜਾਮੀ ਦਾ ਨਤੀਜਾ ਹੈ।

ਬਾਰ੍ਹਵੀਂ ਪਾਸ ਲੜਕੀਆਂ ਲਈ ਕਮਿਸ਼ਨਡ ਅਫ਼ਸਰ ਵਜੋਂ ਕੈਰੀਅਰ ਸ਼ੁਰੂ ਕਰਨ ਦਾ ਸੁਨਹਿਰੀ ਮੌਕਾ : ਅੰਕੁਰਜੀਤ ਸਿੰਘ

ਨਵਾਂਸ਼ਹਿਰ (ਮਨੋਜ ਲਾਡੀ) ਪੰਜਾਬ ਸਰਕਾਰ ਵੱਲੋਂ ਫ਼ੌਜ ਵਿਚ ਕਮਿਸ਼ਨਡ ਅਫ਼ਸਰ ਵਜੋਂ ਕੈਰੀਅਰ ਸ਼ੁਰੂ ਕਰਨ ਦੀਆਂ ਚਾਹਵਾਨ ਲੜਕੀਆਂ ਨੂੰ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਮੁਹਾਲੀ ਵਿਖੇ ਸਿਖਲਾਈ ਹਾਸਲ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਪੰਜਾਬ ਸਰਕਾਰ ਦੁਆਰਾ ਸੈਕਟਰ 66, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਚ ਲੜਕੀਆਂ ਲਈ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਇੰਸਟੀਚਿਊਟ ਵਿਚ ਨੌਜਵਾਨ ਕੁੜੀਆਂ ਨੂੰ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫ਼ਸਰ ਵਜੋਂ ਕੈਰੀਅਰ ਲਈ ਸਿਖਲਾਈ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਇੰਸਟੀਚਿਊਟ ਵੱਲੋਂ 27 ਅਪ੍ਰੈਲ, 2025 ਨੂੰ ਗਿਆਰਵੇਂ ਬੈਚ ਲਈ ਦਾਖ਼ਲਾ ਪ੍ਰੀਖਿਆ ਲਈ ਜਾਣੀ ਹੈ।ਉਨ੍ਹਾਂ ਦੱਸਿਆ ਕਿ ਸੰਸਥਾ ਆਪਣੇ ਗ੍ਰੈਜੂਏਟ ਬੈਚ ਲਈ 10+2 ਤੋਂ ਬਾਅਦ ਕੁੜੀਆਂ ਦੀ ਚੋਣ ਕਰਦੀ ਹੈ ਅਤੇ ਉਨ੍ਹਾਂ ਨੂੰ ਵੱਖ-ਵੱਖ ਮਹਿਲਾ ਅਫ਼ਸਰ ਐਂਟਰੀ ਸਕੀਮਾਂ ਰਾਹੀਂ ਰੱਖਿਆ ਸੇਵਾਵਾਂ ਵਿਚ ਕਮਿਸ਼ਨ ਲਈ ਤਿਆਰ ਕਰਦੀ ਹੈ। ਸੰਸਥਾ ਵਿਚ ਆਮ ਜਾਣਕਾਰੀ, ਕਮਿਊਨੀਕੇਸ਼ਨ ਸਕਿੱਲਜ਼, ਵਿਅਕਤੀਤਵ ਵਿਕਾਸ ਤੇ ਆਤਮ-ਵਿਸ਼ਵਾਸ ਸਿਰਜਣਾ, ਐਨ. ਸੀ. ਸੀ. ਸਿਖਲਾਈ, ਸਰੀਰਕ ਸਿੱਖਿਆ ਅਤੇ ਅੰਦਰੂਨੀ ਤੇ ਬਾਹਰੀ ਖੇਡ ਗਤੀਵਿਧੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥਣਾਂ ਨੂੰ ਪੇਸ਼ੇਵਰਾਂ ਵੱਲੋਂ ਐੱਸ. ਐੱਸ. ਬੀ. ਅਤੇ ਹਥਿਆਰਬੰਦ ਬਲਾਂ ਵਿਚ ਜਾਣ ਲਈ ਦਾਖ਼ਲਾ ਪ੍ਰੀਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਥੋਂ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਐਮ. ਸੀ. ਐਮ. ਡੀ. ਏ. ਵੀ. ਕਾਲਜ ਚੰਡੀਗੜ੍ਹ ਤੋਂ 3 ਸਾਲ ਦੀ ਗ੍ਰੈਜੂਏਸ਼ਨ ਡਿਗਰੀ ਦਿੱਤੀ ਜਾਂਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਿਨੈਕਾਰਾਂ ਲਈ ਮੁੱਢਲੀ ਯੋਗਤਾ ਵਿਚ ਪੰਜਾਬ ਦਾ ਵਸਨੀਕ ਹੋਣਾ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਕੀਤੇ ਹੋਣਾ ਸ਼ਾਮਲ ਹੈ।ਚਾਹਵਾਨ ਉਮੀਦਵਾਰ ਦਾਖ਼ਲਾ ਪ੍ਰੀਖਿਆ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਦੇ ਆਨਲਾਈਨ ਪੋਰਟਲ www.mbafpigirls.in 'ਤੇ ਕਲਿੱਕ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ, ਬੋਰਡਿੰਗ, ਰਿਹਾਇਸ਼, ਮੈਸਿੰਗ, ਵਰਦੀਆਂ ਅਤੇ ਪਹਿਰਾਵੇ ਆਦਿ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਦੁਆਰਾ ਅਦਾ ਕੀਤਾ ਜਾਂਦਾ ਹੈ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅੱਖੋਂ-ਪਰੋਖੇ ਕਰਨ 'ਤੇ ਬਜਟ ਦੀਆਂ ਕਾਪੀਆਂ ਸਾੜੀਆਂ

ਫਿਲੌਰ (ਨਿਰਮਲ)- ਪੰਜਾਬ ਮੁਲਾਜ਼ਮ ਅਤੇ ਪੈਨਸ਼ਰਜ ਸਾਂਝਾ ਫਰੰਟ ਦੇ ਸੱਦੇ 'ਤੇ ਪੰਜਾਬ ਸਰਕਾਰ ਵੱਲੋਂ ਪੇਸ਼ ਮੁਲਾਜ਼ਮ ਅਤੇ ਲੋਕ ਵਿਰੋਧੀ ਬਜਟ ਦੀਆਂ ਫਿਲੌਰ ਦੇ ਵੱਖ-ਵੱਖ ਸਕੂਲਾਂ ਵਿੱਚ ਬਜਟ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਆਖਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਪੰਜਾਬ ਦੇ ਬਜਟ ਵਿੱਚ ਇੱਕ ਵਾਰ ਫਿਰ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅੱਖੋਂ-ਪਰੋਖੇ ਕਰਕੇ ਉਹਨਾਂ ਨਾਲ ਧੋਖਾ ਕੀਤਾ ਗਿਆ ਹੈ। ਉਹਨਾਂ ਨੇ ਕਿਹਾ ਕਿ ਸਰਕਾਰ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਜਮਾਂ ਪੁਰਾਣੀ ਪੈਂਨਸ਼ਨ ਬਹਾਲ ਕਰਨ, ਪੰਜਾਬ ਦੀਆਂ ਆਸ਼ਾ ਅਤੇ ਮਿਡ ਡੇ ਮੀਲ ਤੇ ਵਰਕਰਾਂ ਦੀਆਂ ਤਨਖਾਹਾਂ ਦੁੱਗਣੀਆਂ ਕਰਨ, ਐਨ.ਪੀ.ਐੱਸ. ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਚੇ ਅਤੇ ਠੇਕਾ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕਰਨ, ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਗੁਣਾਂਕ ਨਾਲ ਤਹਿ ਕਰਨ, ਪੇਂਡੂ ਭੱਤੇ ਸਮੇਤ ਕੱਟੇ ਗਏ ਸਾਰੇ ਭੱਤੇ ਮੁੜ ਬਹਾਲ ਕਰਨ, ਡੀ.ਏ. ਨੂੰ ਕੇਂਦਰ ਨਾਲ ਲਿੰਕ ਕਰਕੇ ਰਹਿੰਦੇ ਸਾਰੇ ਬਕਾਇਆਂ ਦਾ ਭੁਗਤਾਨ ਕਰਨ, ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਸਾਰੇ ਬਕਾਏ ਤਿੰਨ ਕਿਸ਼ਤਾਂ ਵਿੱਚ ਅਦਾ ਕਰਨ, 17-07-2020 ਤੋਂ ਬਾਅਦ ਭਰਤੀ ਕੀਤੇ ਮੁਲਾਜਮਾਂ ਨੂੰ ਕੇਂਦਰੀ ਸਕੇਲਾਂ ਦੀ ਬਜਾਏ ਪੰਜਾਬ ਦੇ ਸਕੇਲਾਂ ਨਾਲ ਜੋੜਨ, ਮੁਲਾਜਮਾਂ ਦੇ ਪਰਖ ਸਮੇਂ ਸਬੰਧੀ 15-01-15 ਦੇ ਪੱਤਰ ਨੂੰ ਰੱਦ ਕਰਕੇ ਪਰਖ ਸਮਾਂ 2 ਸਾਲ ਕਰਨ ਅਤੇ ਵਿਕਾਸ ਕਰ ਦੇ ਨਾਂਅ ਹੇਠ ਪ੍ਰਤੀ ਮਹੀਨਾ 200 ਰੁਪਏ ਜਜੀਏ ਨੂੰ ਰੱਦ ਕਰਨ ਦੀਆਂ ਚੋਣ ਗਾਰੰਟੀਆਂ ਦਿੱਤੀਆਂ ਗਈਆਂ ਸਨ ਪ੍ਰੰਤੂ ਅਫਸੋਸ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਚੌਥੇ ਬਜਟ ਵਿੱਚ ਵੀ ਇਹਨਾਂ ਗਾਰੰਟੀਆਂ ਬਾਰੇ ਪੰਜਾਬ ਸਰਕਾਰ ਨੇ ਚੁੱਪੀ ਧਾਰੀ ਹੋਈ ਹੈ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਮੁਲਾਜ਼ਮਾਂ ਨਾਲ ਗੱਲਬਾਤ ਕਰਕੇ ਸਾਰੇ ਮਸਲੇ ਹੱਲ ਕੀਤੇ ਜਾਣ। ਇਸ ਮੌਕੇ ਲੇਖ ਰਾਜ ਪੰਜਾਬੀ, ਸਰਬਜੀਤ ਢੇਸੀ, ਅਮਨਦੀਪ, ਪਰਮਜੀਤ ਸੁੰਨਤ, ਰੋਹਿਤ ਸੋਬਤੀ, ਆਰਤੀ, ਹਰਵਿੰਦਰ ਕੌਰ, ਹਰਦੀਪ ਕੌਰ, ਸਰੋਜ ਰਾਣੀ, ਰੀਨਾ ਰਾਣੀ, ਪੁਸਪਿੰਦਰ ਕੌਰ, ਸਵਰਨਜੀਤ ਕੌਰ, ਰੇਸਮਾ ਰਾਣੀ, ਕਮਲਜੀਤ ਕੌਰ, ਬਲਜੀਤ ਕੌਰ, ਮਨਜੀਤ ਕੌਰ ਆਦਿ ਹਾਜਰ ਸਨ।

ਮੁੱਖ ਚੋਣ ਅਧਿਕਾਰੀ ਸਿਬਿਨ. ਸੀ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਆਪਣੇ ਦਫ਼ਤਰ ਵਿਖੇ ਸੂਬੇ ਦੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨੇ ਇੱਕ ਪੀਪੀਟੀ ਦਿਖਾਈ ਗਈ ਜਿਸ ਵਿੱਚ ਸੰਵਿਧਾਨਕ ਉਪਬੰਧਾਂ (ਆਰਟੀਕਲ 324 ਤੋਂ 329) ਲੋਕ ਪ੍ਰਤੀਨਿਧਤਾ ਐਕਟ 1950, ਲੋਕ ਪ੍ਰਤੀਨਿਧਤਾ ਐਕਟ 1951, ਨਿਯਮਾਂ ਅਤੇ ਚੋਣ ਕਮਿਸ਼ਨ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਵੱਖ-ਵੱਖ ਹਦਾਇਤਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ।ਮੁੱਖ ਚੋਣ ਅਧਿਕਾਰੀ ਨੇ ਸਿਆਸੀ ਪਾਰਟੀਆਂ ਨੂੰ ਸੂਚਿਤ ਕੀਤਾ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੂਬੇ ਭਰ ਵਿੱਚ ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀਆਂ ਅਤੇ ਜ਼ਿਲ੍ਹਾ ਚੋਣ ਅਧਿਕਾਰੀਆਂ ਦੇ ਪੱਧਰ 'ਤੇ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗਾਂ ਸਫਲਤਾਪੂਰਵਕ ਮੁਕੰਮਲ ਹੋ ਗਈਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪੱਧਰੀ ਮੀਟਿੰਗਾਂ ਦੌਰਾਨ ਕੋਈ ਵੀ ਮੁੱਦਾ ਜਾਂ ਚਿੰਤਾਵਾਂ ਸਾਹਮਣੇ ਨਹੀਂ ਆਈਆਂ ਅਤੇ ਸਾਰੀਆਂ ਪਾਰਟੀਆਂ ਨੇ ਚੋਣ ਪ੍ਰਕਿਰਿਆ 'ਤੇ ਆਪਣੀ ਪੂਰੀ ਤਸੱਲੀ ਪ੍ਰਗਟਾਈ ਹੈ। ਹਾਲਾਂਕਿ, ਸਿਆਸੀ ਪਾਰਟੀਆਂ ਦੇ ਨੁਮਾਇੰਦੇ ਵੋਟਰ ਸੂਚੀਆਂ, ਚੋਣਾਂ ਦੇ ਸੰਚਾਲਨ, ਨਿਯਮਾਂ ਅਤੇ ਚੋਣ ਕਮਿਸ਼ਨ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਹਦਾਇਤਾਂ, ਸ਼ਿਕਾਇਤਾਂ ਅਤੇ ਚੋਣਾਂ ਦੇ ਹੋਰ ਮੁੱਦਿਆਂ ਨਾਲ ਸਬੰਧਤ ਰਾਜ ਪੱਧਰ ਦੇ ਕਿਸੇ ਵੀ ਮੁੱਦੇ 'ਤੇ ਚਰਚਾ ਕਰ ਸਕਦੇ ਹਨ।ਸਿਬਿਨ ਸੀ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਸੇਵਾਵਾਂ ਨਾਲ ਸਬੰਧਤ ਕਿਸੇ ਵੀ ਮੁੱਦੇ ਜਾਂ ਚੁਣੌਤੀਆਂ ਨੂੰ ਸਾਂਝਾ ਕਰਨ ਲਈ ਵੀ ਸੱਦਾ ਦਿੱਤਾ। ਮੀਟਿੰਗ ਵਿੱਚ ਹਾਜ਼ਰ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਜ਼ਮੀਨੀ ਪੱਧਰ 'ਤੇ ਵੋਟਰ ਸੂਚੀ ਅਤੇ ਹੋਰ ਵੱਖ-ਵੱਖ ਚੋਣਾਂ ਨਾਲ ਸਬੰਧਤ ਗਤੀਵਿਧੀਆਂ ਦੇ ਸਬੰਧ ਵਿੱਚ ਆਪਣੀ ਤਸੱਲੀ ਪ੍ਰਗਟਾਈ ਅਤੇ ਇਹ ਵੀ ਦੱਸਿਆ ਕਿ ਉਨ੍ਹਾਂ ਕੋਲ ਕੋਈ ਖਾਸ ਮੁੱਦਾ ਉਠਾਉਣ ਲਈ ਨਹੀਂ ਹੈ। ਇੰਡੀਅਨ ਨੈਸ਼ਨਲ ਕਾਂਗਰਸ ਦੇ ਨੁਮਾਇੰਦੇ ਨੇ ਭਾਰਤੀ ਚੋਣ ਕਮਿਸ਼ਨ ਨੂੰ ਵਿਚਾਰ ਕਰਨ ਲਈ ਸੁਝਾਵਾਂ ਨਾਲ ਇੱਕ ਪ੍ਰਸਤਾਵ ਦਿੱਤਾ।ਇਸ ਤੋਂ ਇਲਾਵਾ ਮੁੱਖ ਚੋਣ ਅਧਿਕਾਰੀ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਨੁਮਾਇੰਦੇ ਨਿਯੁਕਤ ਕਰਨ ਅਤੇ ਹਰੇਕ ਪੋਲਿੰਗ ਬੂਥ ਲਈ ਬੂਥ ਲੈਵਲ ਏਜੰਟ (ਬੀਐਲਏ) ਨਿਯੁਕਤ ਕਰਨ ਤੇ ਉਨ੍ਹਾਂ ਦੇ ਵੇਰਵੇ ਜਲਦੀ ਤੋਂ ਜਲਦੀ ਜ਼ਿਲ੍ਹਾ ਚੋਣ ਅਧਿਕਾਰੀ ਅਤੇ ਮੁੱਖ ਚੋਣ ਅਧਿਕਾਰੀ ਦਫ਼ਤਰ ਨੂੰ ਜਮ੍ਹਾ ਕਰਨ ਦੀ ਬੇਨਤੀ ਕੀਤੀ।

ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ ਵਿਭਾਗ : ਡੀ ਸੀ

ਨਵਾਂਸ਼ਹਿਰ (ਮਨੋਜ ਲਾਡੀ) ਨਸ਼ਿਆਂ ਦੀ ਰੋਕਥਾਮ ਲਈ ਵਿਭਾਗਾਂ ਵਿਚ ਬਿਹਤਰ ਤਾਲਮੇਲ ਦੇ ਉਦੇਸ਼ ਨਾਲ ਗਠਿਤ 'ਐਨਕੋਰਡ' ਕਮੇਟੀ ਦੀ ਮੀਟਿੰਗ ਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਕੀਤੇ ਜਾ ਰਹੇ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਉਨ੍ਹਾਂ ਹਦਾਇਤ ਕੀਤੀ ਕਿ ਜ਼ਿਲ੍ਹੇ ਵਿਚ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸਮੂਹ ਸਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਨਸ਼ਿਆਂ 'ਤੇ ਲਗਾਮ ਕੱਸਣ ਲਈ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਲਗਾਤਾਰ ਹਰ ਸੰਭਵ ਯਤਨ ਤੇ ਯੋਗ ਉਪਰਾਲੇ ਕੀਤੇ ਜਾਣ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿਚ ਜਾਣ ਤੋਂ ਰੋਕਣ ਲਈ ਉਨ੍ਹਾਂ ਨੂੰ ਖੇਡਾਂ ਅਤੇ ਹੋਰਨਾਂ ਉਸਾਰੂ ਗਤੀਵਿਧੀਆਂ ਨਾਲ ਜੋੜਿਆ ਜਾਵੇ ਤਾਂ ਜੋ ਉਨ੍ਹਾਂ ਦਾ ਧਿਆਨ ਕੁਰੀਤੀਆਂ ਵੱਲ ਨਾ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਡਰੱਗ ਇੰਸਪੈਕਟਰ ਨੂੰ ਹਦਾਇਤ ਕੀਤੀ ਕਿ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਨੂੰ ਸਖ਼ਤੀ ਨਾਲ ਰੋਕਿਆ ਜਾਵੇ। ਇਸ ਮੌਕੇ ਐਸ. ਪੀ ਡਾ. ਮੁਕੇਸ਼, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਡੀ.ਐਸ.ਪੀ ਸੁਰਿੰਦਰ ਚਾਂਦ, ਡੀ.ਐਮ.ਸੀ ਡਾ. ਹਰਪ੍ਰੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਜਨਤਾ 'ਚ ਜਾ ਕੇ ਸੁਣੀਆਂ ਸਮੱਸਿਆਵਾਂ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਿਵੇਕਲੀ ਪਹਿਲ ਕਰਦਿਆਂ ਜਨਤਾ ਵਿੱਚ ਜਾ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਇਨ੍ਹਾਂ ਦੇ ਤੁਰੰਤ ਨਿਪਟਾਰੇ ਲਈ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਵੇਟਿ

28 Mar Page-9.qxd 3/27/2025 11:07 PM Page 1

ਨਕਲੀ ਦਵਾਈਆਂ, ਟੀਕਿਆਂ ਤੇ ਬਾਡੀ ਸਪਲੀਮੈਂਟਸ ਦਾ ਪਰਦਾ ਫਾਸ਼, ਤੇ ਹਥਿਆਰ ਵੀ ਬਰਾਮਦ

ਐਸ ਏ ਐਸ ਨਗਰ (ਗੁਰਜੀਤ ਬਿੱਲਾ)— ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿਮ ਨੂੰ ਜਾਰੀ ਰੱਖਦੇ ਹੋਏ, ਜ਼ਿਲ੍ਹਾ ਐਸ ਏ ਐਸ ਨਗਰ ਪੁਲਸ ਨੇ ਜ਼ੀਰਕਪੁਰ ਵਿੱਚ ਸਟੀਰੌਇਡ ਅਤੇ ਬਾਡੀ ਸਪਲੀਮੈਂਟ ਵਜੋਂ ਵਰਤੇ ਜਾਣ ਵਾਲੇ ਨਸ਼ੀਲੇ ਪਦਾਰਥਾਂ ਦੀ ਇੱਕ ਨਕਲੀ ਯੂਨਿਟ ਦਾ ਪਰਦਾਫਾਸ਼ ਕਰਕੇ ਵੱਡੀ ਸਫਲਤਾ ਹਾਸਲ ਕੀਤੀ। ਇਹ ਖੁਲਾਸਾ ਸੀਨੀਅਰ ਪੁਲਸ ਕਪਤਾਨ ਦੀਪਕ ਪਾਰੀਕ ਨੇ ਇੱਥੇ ਇੱਕ ਮੀਡੀਆ ਨਾਲ ਗੱਲਬਾਤ ਦੌਰਾਨ ਕੀਤਾ। ਐਸ ਐਸ ਪੀ ਨੇ ਕਿਹਾ ਕਿ ਬੀਤੇ ਦਿਨੀਂ ਜ਼ੀਰਕਪੁਰ 'ਚ ਪਲਿਸ ਪਾਰਟੀ ਨੇ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ, ਸਿੰਘਪੁਰਾ, ਜ਼ੀਰਕਪੁਰ ਨੇੜੇ ਸ਼ਿਵਾ ਐਨਕਲੇਵ ਦੇ ਫਲੈਟ ਨੰਬਰ 12 ਸੀ ਤੋਂ ਇੱਕ ਦੋਸ਼ੀ ਲਵਿਸ਼ ਗਰੋਵਰ ਨੂੰ ਗ੍ਰਿਫ਼ਤਾਰ ਕੀਤਾ। ਜਦੋਂ ਪੁਲਸ ਨੇ ਉਸਦਾ ਦਰਵਾਜ਼ਾ ਖੜਕਾਇਆ ਤਾਂ ਉਸਨੇ ਆਪਣੀ ਪਿਸਤੌਲ ਤੋਂ ਤਿੰਨ ਗੋਲੀਆਂ ਚਲਾਈਆਂ ਅਤੇ ਜਵਾਬੀ ਗੋਲੀਬਾਰੀ ਵਿੱਚ ਉਹ ਆਪਣੀ ਲੱਤ ਵਿੱਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ।ਉਸਦੇ ਫਲੈਟ ਦੀ ਤਲਾਸ਼ੀ ਲੈਣ ਤੋਂ ਬਾਅਦ, ਐਸ ਐਚ ਓ ਜ਼ੀਰਕਪੁਰ, ਜਸਕਮਲ ਸਿੰਘ ਸੇਖੋਂ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਨੇ ਗੈਰ-ਕਾਨੂੰਨੀ ਹਥਿਆਰਾਂ ਅਤੇ ਗੋਲਾ ਬਾਰੂਦ ਤੋਂ ਇਲਾਵਾ 2.5 ਲੱਖ ਰੁਪਏ ਦੀ ਡਰੱਗ ਮਨੀ ਦੇ ਨਾਲ 400 ਗ੍ਰਾਮ ਅਫੀਮ ਬਰਾਮਦ ਕੀਤੀ। ਹੋਰ

ਪੁੱਛਗਿੱਛ ਕਰਨ 'ਤੇ, ਉਸਨੇ ਖੁਲਾਸਾ ਕੀਤਾ ਕਿ ਉਸਨੇ ਕੁਝ ਮਾਤਰਾ ਵਿੱਚ ਅਫੀਮ ਅਤੇ ਇੱਕ ਗੈਰ-ਕਾਨੂੰਨੀ ਹਥਿਆਰ ਆਪਣੇ ਸਾਥੀ ਗੁਰਪ੍ਰੀਤ ਸਿੰਘ ਪਿੰਡ ਸ਼ੇਰੇ, ਸੰਗਰੂਰ ਜ਼ਿਲ੍ਹੇ ਨੂੰ ਸੌਂਪਿਆ ਸੀ। ਜਦੋਂ ਪੁਲਸ ਪਾਰਟੀ ਫਲੈਟ ਐਂਚ-168, ਔਰਬਿਟ ਅਪਾਰਟਮੈਂਟ, ਟ੍ਰਿਪਲ ਸੀ ਮਾਲ ਦੇ ਸਾਹਮਣੇ, ਵੀ ਆਈ ਪੀ ਰੋਡ ਜ਼ੀਰਕਪੁਰ ਪਹੁੰਚੀ ਅਤੇ ਗੁਰਪ੍ਰੀਤ ਸਿੰਘ (28) ਨੂੰ 800 ਗ੍ਰਾਮ ਅਫੀਮ ਅਤੇ ਇੱਕ .32 ਬੋਰ ਪਿਸਤੌਲ, 02 ਮੈਗਜ਼ੀਨਾਂ ਅਤੇ 12 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ।ਸਿੰਘਪੁਰਾ, ਜ਼ੀਰਕਪੁਰ ਨੇੜੇ ਫਲੈਟ 9-ਏ, ਸ਼ਿਵਾ ਐਨਕਲੇਵ ਤੋਂ ਨਸ਼ੀਲੇ ਪਦਾਰਥਾਂ ਵਜੋਂ ਵਰਤੀਆਂ ਜਾਣ ਵਾਲੀਆਂ ਨਕਲੀ ਦਵਾਈਆਂ/ਬਾਡੀ ਸਪਲੀਮੈਂਟਾਂ ਦੇ ਇੱਕ ਯੂਨਿਟ ਦਾ ਪਰਦਾਫਾਸ਼ ਕੀਤਾ ਗਿਆ। ਨਸ਼ੇ ਵਜੋਂ ਵਰਤੇ ਜਾਣ ਵਾਲੇ ਸਟੀਰੌਇਡ/ਬਾਡੀ ਸਪਲੀਮੈਂਟਾਂ ਦੀ ਵੱਡੀ ਖੇਪ ਵਿੱਚ 1,24,600 ਗੋਲੀਆਂ ਅਤੇ 1,75,000 ਟੀਕਿਆਂ ਤੋਂ ਇਲਾਵਾ ਪੰਜ ਕਿਸਮਾਂ ਦੀ ਪੈਕਿੰਗ ਅਤੇ ਫਿਲਿੰਗ ਮਸ਼ੀਨਰੀ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਖੇਪ ਵਿੱਚ 35 ਕਿਸਮਾਂ ਦੀਆਂ ਦਵਾਈਆਂ ਹਨ ਜੋ ਬਾਡੀ ਬਿਲਡਿੰਗ ਲਈ ਬਾਜ਼ਾਰ ਵਿੱਚ ਐਨਾਬੋਲਿਕ ਸਟੀਰੌਇਡ ਵਜੋਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦਵਾਈਆਂ ਨੂੰ ਡਰੱਗਜ਼ ਐਂਡ ਕਾਸਮੈਟਿਕ ਐਕਟ ਦੀਆਂ ਧਾਰਾਵਾਂ ਅਨੁਸਾਰ ਅੱਗੇ ਦੀ ਜਾਂਚ ਅਤੇ ਕੇਸ ਦਾਇਰ ਕਰਨ ਲਈ ਡਰੱਗ ਕੰਟਰੋਲ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ।

ਆਪ ਸਰਕਾਰ ਨੇ ਵਧਾਇਆ ਇੱਕ ਵਾਰ ਫਿਰ ਕਰਜ਼ੇ ਦਾ ਬੋਝਾ : ਮੰਗੂਪੁਰ

ਬਲਾਚੌਰ (ਜਸਵਿੰਦਰ ਬੈਂਸ)— ਆਪ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਪੰਜਾਬ ਦਾ 2025 ਦਾ ਬਜਟ ਇੱਕ ਇੱਕ ਅੱਖਾਂ ਵਿੱਚ ਧੂੜ ਪਾਉਣ ਵਾਲਾ ਦਸਤਾਵੇਜ਼ ਹੈ ਜੋ ਸਰਕਾਰ ਦੀ ਅਯੋਗਤਾ, ਪੰਜਾਬੀਆਂ ਲਈ ਟੁੱਟੇ ਵਾਅਦਿਆਂ ਨੂੰ ਬੇਨਕਾਬ ਕਰਦਾ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪ੍ਰਧਾਨ ਅਜੇ ਮੰਗੂਪੁਰ ਨੇ ਕਰਦਿਆਂ ਕਿਹਾ ਕਿ ਤੀਜੇ ਬਜਟ ਦੇ ਬਾਵਜੂਦ, ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀਆਂ ਔਰਤਾਂ ਨੂੰ ਹਰ ਮਹੀਨੇ 1,000 ਰੁਪਏ ਦੇਣ ਦੇ ਆਪਣੇ ਪ੍ਰਮੁੱਖ ਵਾਅਦੇ ਨੂੰ ਪੂਰਾ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇਸ ਬਜਟ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸਿਰਫ਼ ਤਿੰਨ ਸਾਲਾਂ ਵਿੱਚ, ਆਪ ਸਰਕਾਰ ਨੇ ਰਾਜ ਦੇ ਕਰਜ਼ੇ ਵਿੱਚ ਲਗਭਗ 1 ਲੱਖ ਕਰੋੜ ਰੁਪਏ ਦਾ ਵਾਧਾ ਕਰ ਦਿੱਤਾ ਹੈ।ਹਲਕਾ ਬਲਾਚੌਰ ਲਈ ਕੋਈ ਵੀ ਲੋਕ ਪੱਖੀ ਨੀਤੀ ਬਜਟ ਵਿੱਚ ਨਹੀਂ ਹੈ, ਬਜਟ ਵਿੱਚ ਸਕੂਲਾਂ ਅਤੇ ਹਸਪਤਾਲਾਂ ਲਈ ਕੋਈ ਠੋਸ ਵਾਧਾ ਨਹੀਂ ਹੈ, ਜਿਸ ਨਾਲ ਪੰਜਾਬ ਦੇ ਨੌਜਵਾਨ ਅਤੇ ਕਮਜ਼ੋਰ ਵਰਗ ਗੁਣਵੱਤਾ ਸੇਵਾਵਾਂ ਤੋਂ ਵਾਂਝੇ ਰਹਿ ਗਏ ਹਨ।ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਲਈ ਇਸ ਬਜਟ ਵਿੱਚ ਕੁਝ ਵੀ ਨਹੀਂ ਹੈ।ਇਹ ਧੋਖੇ ਦਾ ਦਸਤਾਵੇਜ਼ ਹੈ, ਜਿਸ ਨੂੰ ਸਰਕਾਰ ਦੀਆਂ ਨਾਕਾਮੀਆਂ ਨੂੰ ਲੋਕਪ੍ਰਿਯ ਨਾਅਰਿਆਂ ਦੇ ਪਿੱਛੇ ਛੁਪਾਉਣ ਲਈ ਤਿਆਰ ਕੀਤਾ ਗਿਆ ਹੈ।

ਸੀ ਟੀ ਇੰਸਟੀਚਿਊਟ ਆਫ਼ ਲਾਅ ਵੱਲੋਂ ਮੂਟ ਕੋਰਟ ਮੁਕਾਬਲੇ

ਜਲੰਧਰ (ਸੈਲੀ ਐਲਬਰਟ) - ਸੀ.ਟੀ. ਗਰੁੱਪ ਦੇ ਲਾਅ ਵਿਭਾਗ ਵੱਲੋਂ ਅੰਦਰੂਨੀ ਮੂਟ ਕੋਰਟ ਮੁਕਾਬਲੇ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਨੂੰਨ ਦੇ ਵਿਦਿਆਰਥੀਆਂ ਨੂੰ ਵਕੀਲੀ ਹੁਨਰ, ਕਾਨੂੰਨੀ ਤਰਕ ਅਤੇ ਕੋਰਟਰੂਮ ਦਾ ਤਜਰਬਾ ਹਾਸਲ ਕਰਨ ਦਾ ਮੌਕਾ ਮਿਲਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਥਿਊਰੀਟੀਕਲ ਜਾਣਕਾਰੀ ਨੂੰ ਪ੍ਰੈਕਟੀਕਲ ਮੁਕੱਦਮੇਬਾਜ਼ੀ ਨਾਲ ਜੋੜਨ ਦਾ ਲਾਭ ਉਠਾਇਆ।ਮੁਕਾਬਲੇ ਦੀ ਜੱਜ ਪੈਨਲ ਵਿੱਚ ਸ਼੍ਰੀ ਜਸਵੀਰ ਸਿੰਘ ਕੰਗ (ਰਿਟਾਇਰਡ ਐਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਅਤੇ ਪਰਮਾਨੈਂਟ ਲੋਕ ਅਦਾਲਤ ਦੇ ਸਾਬਕਾ ਚੇਅਰਮੈਨ), ਐਡਵੋਕੇਟ ਜੀ.ਕੇ. ਅਗਨੀਹੋਤਰੀ (ਬਾਰ ਕੌਂਸਿਲ ਆਫ਼ ਪੰਜਾਬ ਅਤੇ ਹਰਿਆਣਾ ਦੀ ਡਿਸੀਪਲਿਨਰੀ ਕਮੇਟੀ ਦੇ ਮੈਂਬਰ), ਐਡਵੋਕੇਟ ਰਾਮ ਛਾਬੜਾ (ਸੀਨੀਅਰ ਵਾਈਸ ਪ੍ਰੈਜ਼ੀਡੈਂਟ), ਐਡਵੋਕੇਟ ਸੂਰਜ ਪ੍ਰਤਾਪ ਸਿੰਘ (ਜੂਨੀਅਰ ਵਾਈਸ ਪ੍ਰੈਜ਼ੀਡੈਂਟ), ਐਡਵੋਕੇਟ ਰੋਹਿਤ ਗੰਭੀਰ (ਸਕੱਤਰ), ਸੀਨੀਅਰ ਐਡਵੋਕੇਟ ਅਮਰਜੀਤ ਸਿੰਘ ਸ਼ੇਰਗਿੱਲ, ਐਡਵੋਕੇਟ ਪਿਆਰਾ ਰਾਮ, ਐਡਵੋਕੇਟ ਹਰਮਨ ਕੌਰ, ਐਡਵੋਕੇਟ ਰੋਹਿਤ

ਸ਼ਰਮਾ ਅਤੇ ਐਡਵੋਕੇਟ ਜਤੇਸ਼ ਗੌਤਮ ਸ਼ਾਮਲ ਸਨ ।ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਡੂੰਘੀ ਖੋਜ ਦੇ ਨਾਲ ਆਪਣੇ ਦਲੀਲਾਂ ਨੂੰ ਵਿਸ਼ਵਾਸ ਅਤੇ ਸਪੱਸ਼ਟਤਾ ਨਾਲ ਪੇਸ਼ ਕੀਤਾ, ਜਿਸ ਨਾਲ ਉਨ੍ਹਾਂ ਦੀ ਕਾਨੂੰਨੀ ਸਮਝ ਅਤੇ ਕੋਰਟਰੂਮ ਇਟੀਕੇਟ ਦਾ ਪ੍ਰਦਰਸ਼ਨ ਹੋਇਆ। ਜੱਜਾਂ ਨੇ ਪ੍ਰਤੀਭਾਗੀਆਂ ਦੀ ਮਿਹਨਤ, ਤਿਆਰੀ ਅਤੇ ਪ੍ਰਭਾਵਸ਼ਾਲੀ ਵਕੀਲੀ ਦੀ ਸ਼ਲਾਘਾ ਕੀਤੀ। ਪਹਿਲਾ ਸਥਾਨ ਅਪੀਲੀ ਟੀਮ (ਮਨਰਾਜ ਕੌਰ, ਦੀਪਾਵਲੀ ਅਤੇ ਜਸ਼ਨਪ੍ਰੀਤ ਸਿੰਘ) ਅਤੇ ਪ੍ਰਤੀਵਾਦੀ ਟੀਮ (ਬਲਜੋਤ ਕੌਰ, ਸੁਨਿਧੀ ਅਤੇ ਅਮਨਦੀਪ ਕੌਰ) ਨੇ ਹਾਸਲ ਕੀਤਾ। ਦੂਜਾ ਸਥਾਨ ਅਪੀਲੀ ਟੀਮ (ਅਰਸ਼ਨੂਰ ਕੌਰ, ਇਕਜੋਤ ਕੌਰ ਅਤੇ ਆਯੁਸ਼ ਖੁਰਾਨਾ) ਅਤੇ ਪ੍ਰਤੀਵਾਦੀ ਟੀਮ (ਭਾਵਨਾ, ਕਿਰਨਦੀਪ ਕੌਰ ਅਤੇ ਸਾਕਸ਼ੀ ਧਰਵਾਲ) ਨੂੰ ਮਿਲਿਆ। ਤੀਜਾ ਸਥਾਨ ਅਪੀਲੀ ਟੀਮ (ਮੁਸਕਾਨ ਠਾਕੁਰ, ਕਮਲਜੀਤ ਕੌਰ, ਹਰਪ੍ਰੀਤ ਕੌਰ ਅਤੇ ਕਿਰਨਦੀਪ ਕੌਰ) ਅਤੇ ਪ੍ਰਤੀਵਾਦੀ ਟੀਮ (ਗੀਤਿਕਾ ਰਾਜਪੂਤ, ਗਗਨਦੀਪ ਕੌਰ ਅਤੇ ਸਿਨਥੀਆ) ਨੇ ਪ੍ਰਾਪਤ ਕੀਤਾ । ਇਸ ਮੌਕੇ ਤੇ ਸੀ.ਟੀ. ਗਰੁੱਪ ਦੇ ਚੇਅਰਮੈਨ ਐਸ. ਚਰਨਜੀਤ ਸਿੰਘ ਚੰਨੀ, ਐਗਜ਼ੀਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ ਅਤੇ ਸੀ.ਟੀ. ਇੰਸਟੀਚਿਊਟ ਆਫ਼ ਲਾਅ ਦੀ ਪ੍ਰਿੰਸੀਪਲ ਡਾ. ਮਨਵਪ੍ਰੀਤ ਕੌਰ ਢਿੰਡਸਾ ਮੌਜੂਦ ਸਨ। ਉਨ੍ਹਾਂ ਨੇ ਪ੍ਰਤੀਭਾਗੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਕਾਨੂੰਨੀ ਵਕੀਲੀ ਵਿੱਚ ਹੋਰ ਵੀ ਮੁਕਾਮ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ।

ਨਜਾਇਜ਼ ਕਬਜ਼ਿਆਂ ਕਾਰਨ ਰਾਹਗੀਰਾਂ ਦਾ ਚੱਲਣਾ ਹੋਇਆ ਮੁਸ਼ਕਲ

ਡੇਰਾ ਬੱਸੀ (ਵਿਨੈ ਕੁਮਾਰ ਜੈਨ)— ਡੇਰਾਬਸੀ-ਬਰਵਾਲਾ ਰੋਡ ਉੱਤੇ ਦੁਕਾਨਦਾਰਾਂ ਵੱਲੋਂ ਨਜਾਇਜ਼ ਕਬਜ਼ਿਆਂ ਕਾਰਨ ਰਾਹਗੀਰਾਂ ਨੂੰ ਆਉਣ-ਜਾਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕਾਂ 'ਤੇ ਨਜਾਇਜ਼ ਤੌਰ 'ਤੇ ਰੱਖੇ ਗਏ ਸਾਮਾਨ ਅਤੇ ਹੋਰ ਰੁਕਾਵਟਾਂ ਕਾਰਨ ਪੈਦਲ ਯਾਤਰੀਆਂ ਦਾ ਲੰਘਣਾ ਵੀ ਔਖਾ ਹੋ ਗਿਆ ਹੈ।ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਜਨਤਕ ਥਾਵਾਂ 'ਤੇ ਦੁਕਾਨਦਾਰਾਂ ਵੱਲੋਂ ਕੀਤੇ ਜਾ ਰਹੇ ਨਾਜਾਇਜ਼ ਕਬਜ਼ਿਆਂ ਨੂੰ ਲੈ ਕੇ ਆਮ ਲੋਕਾਂ ਵਿੱਚ ਡੂੰਘਾ ਰੋਸ ਹੈ।ਇਹ ਸਮੱਸਿਆ ਦਿਨੋ-ਦਿਨ ਵਧਦੀ ਜਾ ਰਹੀ ਹੈ, ਜਿਸ ਨਾਲ ਨਾ ਸਿਰਫ਼ ਆਵਾਜਾਈ ਵਿੱਚ ਵਿਘਨ ਪੈ ਰਿਹਾ ਹੈ, ਸਗੋਂ ਪੈਦਲ ਚੱਲਣ ਵਾਲਿਆਂ ਅਤੇ ਸਥਾਨਕ ਨਿਵਾਸੀਆਂ ਨੂੰ ਵੀ ਭਾਰੀ ਅਸੁਵਿਧਾ ਹੋ ਰਹੀ ਹੈ। ਜਨਤਾ ਦਾ ਦੋਸ਼ ਹੈ ਕਿ ਪ੍ਰਸ਼ਾਸਨ ਦੀ ਲਾਪਰਵਾਹੀ ਅਤੇ ਉਦਾਸੀਨਤਾ ਕਾਰਨ ਦੁਕਾਨਦਾਰਾਂ ਦਾ ਮਨੋਬਲ ਉੱਚਾ ਹੈ, ਜਿਸ ਕਾਰਨ ਸਥਿਤੀ ਵਿਗੜਦੀ ਜਾ ਰਹੀ ਹੈ।ਲੋਕਾਂ ਨੇ ਸਥਾਨਕ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਹ ਨਜਾਇਜ਼ ਕਬਜ਼ੇ ਹਟਾਏ ਜਾਣ।

ਸਕੂਲ ਦਾ ਸਲਾਨਾ ਸਮਾਗਮ ਭਲਕੇ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਇਲਾਕੇ ਦੇ ਪਿੰਡ ਬੀਰਮਪੁਰ ਵਿਖੇ ਪਿਛਲੇ ਸਾਲ ਦੀ ਇਸ ਸਾਲ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਸਲਾਨਾ ਸਮਾਗਮ ਕੱਲ੍ਹ 29 ਮਾਰਚ ਦਿਨ ਸ਼ਨਿਚਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਹੈਡਮਾਸਟਰ ਸੁਖਵਿੰਦਰ ਕੁਮਾਰ ਨੇ ਦੱਸਿਆ ਕਿ ਇਸ

ਸਮਾਗਮ ਦੌਰਾਨ ਬੱਚਿਆਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕੀਤੇ ਜਾਣਗੇ ਅਤੇ ਵਧੀਆ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਕਿਹਾ ਕਿ ਇਸ ਸਕੂਲ ਵਿੱਚ ਜੋ ਵੀ ਵਿਦਿਆਰਥੀ 29 ਮਾਰਚ ਸਮਾਗਮ ਵਾਲੇ ਦਿਨ ਦਾਖਲਾ ਲੈਣਗੇ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ ਕਿਉਂਕਿ ਇਸ ਸਕੂਲ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਵਿਦਿਆਰਥੀਆਂ ਨੂੰ ਮਿਲਦੀਆਂ ਹਨ।

ਪੀ ਸੀ ਆਰ ਦੀ ਗਸ਼ਤ ਸ਼ੁਰੂ ਕਰਨ ਦੀ ਮੰਗ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ)— ਰਾਹੋਂ ਵਾਸੀਆ ਵੱਲੋ ਸ਼ਹਿਰ ਵਿੱਚ ਪੀ.ਸੀ.ਆਰ.ਦੀ ਗਸ਼ਤ ਸ਼ੁਰੂ ਕਰਨ ਦੀ ਮੰਗ ਕੀਤੀ ਗਈ। ਸੇਵਕ ਅਵਤਾਰ ਸਿੰਘ ਮਹੇ ਨੇ ਕਿਹਾ ਕਿ ਰਾਹੋਂ ਸ਼ਹਿਰ ਦੀ ਅਬਾਦੀ ਤਕਰੀਬਨ ਵੀਹ ਹਜਾਰ ਦੇ ਕਰੀਬ ਹੈ ਅਤੇ 60 ਤੋਂ 70 ਪਿੰਡ ਲੱਗਦੇ ਹਨ ਜਿਆਦਾ ਅਬਾਦੀ ਹੋਣ ਦੇ ਕਾਰਨ ਸ਼ਹਿਰ ਵਿੱਚ ਪੀ.ਸੀ.ਆਰ.ਦੀ ਗਸ਼ਤ ਵੀ ਹੋਣਾ ਜਰੂਰੀ ਹੈ। ਆਮ ਆਦਮੀਆਂ ਲਈ ਸੜਕ ਪਾਰ ਕਰਨਾ, ਬਾਜ਼ਾਰ ਦੇ ਪਿਛਲੇ ਪਾਸੇ, ਖਾਸ ਕਰਕੇ ਪੁਰਾਣੇ ਸਿਵਲ ਹਸਪਤਾਲ ਦੇ ਨੇੜੇ ਜਾਣਾ ਬਹੁਤ ਔਖਾ ਹੋ ਗਿਆ ਹੈ। ਔਰਤਾਂ ਇਸ ਸੜਕ ਤੋਂ ਨਹੀਂ ਲੰਘ ਸਕਦੀਆਂ ਕਿਉਂਕਿ ਇੱਥੇ ਬਹੁਤ ਸਾਰੇ ਲੋਕ ਆਪਣੇ ਵਹੀਕਲ ਗੱਡੀਆਂ ਸੜਕ ਦੇ ਦੋਵਾਂ ਸਾਈਡਾਂ 'ਤੇ ਲਗਾ ਕੇ ਬਜਾਰ ਚਲੇ ਜਾਦੇ ਹਨ ਜਿਸ ਕਾਰਨ

ਆਵਾਜਾਈ ਵਿੱਚ ਕਾਫੀ ਵਿਘਨ ਪੈਂਦਾ ਹੈ। ਇਸ ਤੋਂ ਇਲਾਵਾ ਪਿਛਲੇ ਦੋ ਮਹੀਨਿਆਂ ਦੌਰਾਨ ਸ਼ਹਿਰ ਦੇ ਵਿੱਚ ਚੋਰੀਆਂ ਦਾ ਸਿਲਸਿਲਾ ਵੀ ਵਧਿਆ ਹੈ। ਘਰਾਂ ਮੁਹਰੇ ਖੜੇ ਮੋਟਰ ਸਾਈਕਲ ਵੀ ਚੋਰੀ ਹੋ ਚੁੱਕੇ ਹਨ।ਪੀ.ਸੀ.ਆਰ.ਦੀ ਗਸ਼ਤ ਸ਼ੁਰੂ ਕਰਨ ਨਾਲ ਸ਼ਹਿਰ ਵਿੱਚ ਨਸ਼ੇ ਨੂੰ ਵੀ ਠੱਲ੍ਹ ਪਵੇਗੀ ਅਤੇ ਸ਼ਰਾਰਤੀ ਅਨਸਰਾਂ ਨੂੰ ਵੀ ਡਰ ਪਵੇਗਾ। ਉਹਨਾ ਮਾਣਯੋਗ ਐਸ.ਐਸ.ਪੀ ਤੋ ਮੰਗ ਕੀਤੀ ਕਿ ਰਾਹੋਂ ਸ਼ਹਿਰ ਨੂੰ ਘੱਟੋ ਘੱਟ 2 ਪੀ.ਸੀ.ਆਰ.ਮੋਟਰ ਸਾਈਕਲ ਦਿੱਤੇ ਜਾਣ ਅਤੇ ਪੁਲਸ ਸਟੇਸ਼ਨ ਰਾਹੋਂ ਵਿੱਚ ਮੁਲਾਜਮਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ।

ਬੀ ਬੀ ਐੱਮ ਬੀ ਲੀਜ ਦਾ ਮਸਲਾ ਜਲਦੀ ਹੱਲ ਕਰਨ ਦਾ ਭਰੋਸਾ

ਭਲਾਣ (ਹਰਭਜਨ ਢਿੱਲੋਂ) ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਦੇ ਚੇਅਰਮੈਨੀ ਮਨੋਜ ਤ੍ਰਿਪਾਠੀ ਨਾਲ ਮੁਲਾਕਾਤ ਕੀਤੀ। ਮੀਟਿੰਗ ਦਾ ਮੁੱਖ ਉਦੇਸ਼ ਲੰਬੇ ਸਮੇਂ ਤੋਂ ਲਟਕ ਰਹੇ ਬੀਬੀਐਮਬੀ ਲੀਜ ਦੇ ਮੁੱਦੇ ਦਾ ਸਥਾਈ ਹੱਲ ਲੱਭਣਾ ਅਤੇ ਹੋਰ ਜਨਹਿੱਤ ਦੇ ਮੁੱਦਿਆਂ 'ਤੇ ਸਕਾਰਾਤਮਕ ਵਿਚਾਰ ਵਟਾਂਦਰੇ ਕਰਨਾ ਸੀ। ਮੀਟਿੰਗ ਦੌਰਾਨ ਤ੍ਰਿਪਾਠੀ ਨੇ ਬੋਰਡ ਤੋਂ ਰਿਪੋਰਟ ਲੈਣ ਤੋਂ ਬਾਅਦ ਜਨਹਿੱਤ ਵਿੱਚ ਬੀਬੀਐਮਬੀ ਲੀਜ ਦੇ ਮੁੱਦੇ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਲਾਲਪੁਰਾ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਗੁੰਝਲਦਾਰ ਲੀਜ ਦਾ ਮਸਲਾ ਜਲਦੀ ਹੱਲ ਹੋ ਜਾਵੇਗਾ ਅਤੇ ਸਬੰਧਤ ਪਰਵਾਰਾਂ ਨੂੰ ਰਾਹਤ ਮਿਲੇਗੀ। ਮੀਟਿੰਗ ਵਿੱਚ ਲੀਜ ਦੇ ਮੁੱਦੇ ਤੋਂ ਇਲਾਵਾ ਹੋਰ ਜਨਹਿੱਤ ਦੇ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਦੌਰਾਨ ਬੀਬੀਆਂ

28-MAR-PAGE-10.qxd 3/27/2025 11:01 PM Page 1

ਐੱਸ ਆਰ ਐੱਸ ਵਿੱਦਿਆਪੀਠ 'ਚ ਅਧਿਆਪਕਾਂ ਦੀ ਪ੍ਰਭਾਵਸ਼ਾਲੀ ਸਿਖਲਾਈ ਲਈ ਸੈਮੀਨਾਰ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ.ਆਰ.ਐੱਸ ਵਿੱਦਿਆਪੀਠ ਵਿੱਚ ਅਧਿਆਪਕਾਂ ਦੇ ਗਿਆਨ ਵਿੱਚ ਹੋਰ ਵਾਧਾ ਕਰਨ ਲਈ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਿੱਦਿਆਪੀਠ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਦੀ ਭਲਾਈ ਲਈ ਹਮੇਸ਼ਾ ਯਤਨਸ਼ੀਲ ਰਿਹਾ ਹੈ।ਇਸ ਵਾਰ ਸ਼੍ਰੀਮਤੀ ਅੰਜਲੀ ਗੁਪਤਾ ਦੁਆਰਾ ਐਕਸਪੀਰੀਐਂਸ਼ੀਅਲ ਲਰਨਿੰਗ ਤੇ ਇੱਕ ਇੰਟਰਐਕਟਿਵ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਿੱਚ ਅਧਿਆਪਕਾਂ ਨੂੰ ਬਹੁਤ ਕੁਝ ਨਵਾਂ ਸਿੱਖਣ ਲਈ ਮਿਲਿਆ।ਸ਼੍ਰੀਮਤੀ ਅੰਜਲੀ ਗੁਪਤਾ ਵੱਲੋਂ ਸਾਰੇ ਅਧਿਆਪਕਾਂ ਨੂੰ ਕਈ ਪ੍ਰਕਾਰ ਦੀਆਂ ਉਦਾਹਰਣਾਂ ਦੇ ਕੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ ਗਿਆ।ਅਧਿਆਪਕਾਂ ਨੂੰ ਕਈ ਪ੍ਰਕਾਰ ਦੀਆਂ ਐਕਟੀਵਿਟੀਆਂ ਕਰਾਈਆਂ ਗਈਆਂ।ਇਸ ਵਰਕਸ਼ਾਪ ਵਿੱਚੋਂ ਮਿਲੇ ਗਿਆਨ ਨੂੰ ਅਪਨਾ ਕੇ ਅਧਿਆਪਕ ਆਪਣੇ ਪੇਸ਼ੇ ਅਤੇ ਆਪਣੀ ਜਮਾਤ ਦੇ ਮਾਹੌਲ ਨੂੰ ਹੋਰ ਵੀ ਨਿਖਾਰ ਸਕਦਾ ਹੈ।ਇਹ ਇੱਕ ਸੱਚਮੁੱਚ ਮਦਦਗਾਰ ਤੇ ਪ੍ਰਭਾਵਸ਼ਾਲੀ ਵਰਕਸ਼ਾਪ ਸੀ।ਇਸ ਵਰਕਸ਼ਾਪ ਤੋਂ ਮਿਲੇ ਗਿਆਨ ਤੋਂ ਪ੍ਰਭਾਵਤ ਹੋ ਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ ਤੇ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਨੇ ਵਰਕਸ਼ਾਪ ਦੀ ਤਾਰੀਫ਼ ਕਰਦਿਆਂ ਹੋਇਆਂ ਸ੍ਰੀਮਤੀ ਅੰਜਲੀ ਗੁਪਤਾ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਿਆਨ ਨਾਲ਼ ਭਰਪੂਰ ਵਰਕਸ਼ਾਪਾਂ ਲਾਉਣ ਲਈ ਕਿਹਾ ਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।

ਸਰਕਾਰੀ ਆਈ.ਟੀ.ਆਈ. ਵਿਖੇ ਸਿਖਿਆਰਥੀਆਂ ਦੇ ਖੇਡ ਮੁਕਾਬਲੇ ਕਰਾਏ

ਮਾਨਸਾ (ਆਤਮਾ ਸਿੰਘ ਪਮਾਰ)-ਸਰਕਾਰੀ ਆਈ.ਟੀ.ਆਈ. ਵਿਖੇ ਪ੍ਰਿੰਸੀਪਲ ਸ੍ਰ. ਗੁਰਮੇਲ ਸਿੰਘ ਮਾਖਾ ਦੀ ਯੋਗ ਅਗਵਾਈ ਹੇਠ ਖੇਡ ਮੁਕਾਬਲੇ ਕਰਾਏ ਗਏ।ਪ੍ਰਿੰਸੀਪਲ ਮਾਖਾ ਨੇ ਕਿਹਾ ਕਿ ਨੌਜਵਾਨਾਂ ਦਾ ਖੇਡਾਂ ਨਾਲ ਜੁੜਨਾ ਲਾਜ਼ਮੀ ਹੈ, ਖੇਡਾਂ 'ਚ ਰੁਚੀ ਰੱਖਣ ਵਾਲੇ ਨੌਜਵਾਨ ਮਾੜੀਆਂ ਆਦਤਾਂ ਤੋਂ ਦੂਰ ਰਹਿੰਦੇ ਹਨ ਤੇ ਖੇਡਾਂ ਨੌਜਵਾਨਾਂ ਵਿਚ ਮਿਲਵਰਤਨ ਦੀ ਭਾਵਨਾ ਪੈਦਾ ਕਰਦੀਆਂ ਹਨ।ਉਨ੍ਹਾਂ ਦੱਸਿਆ ਕਿ ਖੇਡ ਮੁਕਾਬਲੇ ਦੇ ਨਤੀਜਿਆਂ ਬਾਰੇ ਦੱਸਿਆ ਕਿ ਐਥਲੈਟਿਕਸ ਮੁਕਾਬਲੇ 100 ਮੀਟਰ ਦੌੜ ਵਿੱਚ ਕੋਪਾ ਟਰੇਡ 'ਚੋਂ ਫਕੀਰ ਰਾਮ, 200 ਮੀਟਰ ਦੌੜ ਵਿੱਚ ਪਲੰਬਰ ਟਰੇਡ 'ਚੋਂ ਹਰਵਿੰਦਰ ਸਿੰਘ, 400 ਮੀਟਰ ਦੌੜ ਵਿੱਚ ਡੀ.ਐਮ.ਸੀ. ਟਰੇਡ 'ਚੋਂ ਲਵਪ੍ਰੀਤ ਸਿੰਘ, 1500 ਮੀਟਰ ਦੌੜ ਵਿੱਚ ਫਕੀਰ ਰਾਮ, 5000 ਮੀਟਰ ਦੌੜ ਵਿੱਚ ਟਰੇਡ ਪਲੰਬਰ 'ਚੋਂ ਰਵਿੰਦਰ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਡਿਸਕਸ ਥਰੋਅ ਵਿੱਚ ਟਰੇਡ ਡੀ.ਐਮ.ਸੀ. 'ਚੋਂ ਹਰਪ੍ਰੀਤ ਸਿੰਘ, ਸ਼ਾਟ ਪੁੱਟ ਲੜਕੇ ਵਿਚ ਟਰੇਡ ਡੀ.ਐਮ.ਸੀ. 'ਚੋਂ ਹਰਜੀਤ ਸਿੰਘ, ਸ਼ਾਟਪੁੱਟ ਲੜਕੀਆਂ ਵਿਚ ਟਰੇਡ ਕੋਪਾ 'ਚੋਂ ਸ਼ਮਨਦੀਪ ਕੌਰ, ਲੌਂਗ ਜੰਪ ਵਿੱਚ ਟਰੇਡ ਵੈਲਡਰ 'ਚੋਂ ਲਖਵੀਰ ਸਿੰਘ ਅਤੇ ਹਾਈ ਜੰਪ ਵਿੱਚ ਟਰੇਡ ਡੀ.ਐਮ.ਸੀ. 'ਚੋਂ ਲਵਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਕਬੱਡੀ ਮੁਕਾਬਲੇ ਵਿੱਚ ਇਲੈਕਟ੍ਰੀਸ਼ਨ ਟਰੇਡ ਨੇ ਪਹਿਲਾ ਸਥਾਨ ਅਤੇ ਰੱਸਾਕਸ਼ੀ ਮੁਕਾਬਲੇ ਵਿੱਚ ਡੀ.ਐਮ.ਸੀ ਟਰੇਡ ਨੇ ਪਹਿਲਾ ਸਥਾਨ ਹਾਸਲ ਕੀਤਾ।ਬੈਡਮਿੰਟਨ ਵਿੱਚ ਵੈਲਡਰ ਟਰੇਡ ਨੇ ਪਹਿਲਾ ਅਤੇ ਵਾਲੀਬਾਲ ਵਿੱਚ ਡੀ.ਐਮ.ਸੀ. ਟਰੇਡ ਨੇ ਪਹਿਲਾ ਸਥਾਨ ਹਾਸਲ ਕੀਤਾ ।

ਰੋਜ਼ਗਾਰ ਦਫ਼ਤਰ ਵੱਲੋਂ ਲਗਾਇਆ ਰੋਜ਼ਗਾਰ ਮੇਲਾ

ਫਿਰੋਜ਼ਪੁਰ (ਗੁਰਬਚਨ ਸਿੰਘ)-ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਰੋਜ਼ਗਾਰ ਮੇਲਾ ਲਗਾਇਆ ਗਿਆ।ਇਸ ਸਬੰਧੀ ਗੁਰਜੰਟ ਸਿੰਘ, ਪਲੇਸਮੈਂਟ ਅਫ਼ਸਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਿਰੋਜ਼ਪੁਰ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ ਜੈਨਿਸਿਸ ਅਮਨਦੀਪ ਮਲਟੀ ਸਪੈਸ਼ਲਿਟੀ ਹਸਪਤਾਲ, ਫਿਰੋਜ਼ਪੁਰ ਵੱਲੋਂ ਭਾਗ ਲੈਂਦੇ ਹੋਏ ਬਿਲਿੰਗ ਐਗਜ਼ੀਕਿਊਟਿਵ, ਅਕਾਊਂਟਸ ਅਸਿਸਟੈਂਟ, ਡਾਇਲਿਸਿਸ ਟੈਕਨੀਸ਼ਨ, ਐਂਡੋਸਕੋਪੀ ਟੈਕਨੀਸ਼ਿਨ, ਇਲੈਕਟ੍ਰੀਸ਼ਨ, ਸੀਨੀਅਰ ਸਟਾਫ਼ ਨਰਸ, ਮੈਡੀਕਲ ਅਫ਼ਸਰ, ਗੰਨਮੈਨ, ਡਰਾਇਵਰ ਤੇ ਸਕਿਊਰਟੀ ਸੁਪਰਵਾਈਜ਼ਰ ਆਦਿ ਅਸਾਮੀਆਂ ਲਈ ਪ੍ਰਾਰਥੀਆਂ ਦੀ ਇੰਟਰਵਿਊ ਕੀਤੀ।ਇਸ ਕੈਂਪ ਵਿੱਚ 52 ਪ੍ਰਾਰਥੀਆਂ ਵੱਲੋਂ ਹਿੱਸਾ ਲਿਆ ਗਿਆ, ਜਿਸ ਵਿੱਚੋਂ 10 ਪ੍ਰਾਰਥੀਆਂ ਨੂੰ ਵੱਖ ਵੱਖ ਅਸਾਮੀਆਂ ਲਈ ਸ਼ਾਰਟਲਿਸਟ ਕੀਤਾ ਗਿਆ।ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਆਨਲਾਈਨ ਪੋਰਟਲ 'ਤੇ ਰਜਿਸਟਰਡ ਹੋਣ ਬਾਰੇ ਕਿਹਾ ਗਿਆ ਤੇ ਪੰਜਾਬ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਮੁਫਤ ਟ੍ਰੇਨਿੰਗਾਂ, ਸਕਿੱਲ ਕੋਰਸਾਂ ਤੇ ਜ਼ਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਦਫਤਰ, ਫਿਰੋਜ਼ਪੁਰ ਵਿਖੇ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ।ਜੈਨਿਸਿਸ ਅਮਨਦੀਪ ਮਲਟੀ ਸਪੈਸ਼ਲਿਟੀ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਇਸ ਮੇਲੇ ਵਿੱਚ ਖਾਸ ਤੌਰ 'ਤੇ ਸ਼ਿਰਕਤ ਕੀਤੀ।ਇਸ ਤੋਂ ਇਲਾਵਾ ਜੈਨਿਸਿਸ ਹਸਪਤਾਲ ਤੋਂ ਰਾਹੁਲ, ਤਾਨੀਆ, ਸਿਮਰਨ ਅਤੇ ਰੋਜ਼ਗਾਰ ਦਫ਼ਤਰ ਤੋਂ ਰਾਜ ਕੁਮਾਰ ਆਦਿ ਹਾਜ਼ਰ ਸਨ।

ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਇਨਾਮ ਵੰਡ ਸਮਾਰੋਹ

ਦਿੜ੍ਹਬਾ (ਜਸਵੀਰ ਲਾਡੀ)-ਨੇੜਲੇ ਪਿੰਡ ਛਾਜਲੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸੈਸ਼ਨ 2024-25 ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸਰਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਦਫਤਰੀ ਹੁਕਮਾਂ ਅਨੁਸਾਰ ਬੱਚਿਆਂ ਦਾ ਨਤੀਜਾ ਐਲਾਨਿਆ ਗਿਆ ਹੈ, ਜੋ ਕਿ 100% ਪ੍ਰਤੀਸ਼ਤ ਰਿਹਾ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਤੇਜਾ ਸਿੰਘ ਕਮਾਲਪੁਰ, ਜਥੇਦਾਰ ਹਰਦੇਵ ਸਿੰਘ ਰੋਗਲਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਪਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਗਿਆਨ ਪ੍ਰਚੰਡ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ ਜੇਤੂ ਟੀਮ ਨੂੰ 36 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਜਥੇਦਾਰ ਤੇਜਾ ਸਿੰਘ ਕਮਾਲਪੁਰ ਨੇ ਦੱਸਿਆ ਕਿ ਸਕੂਲ ਵਿਖੇ 4 ਲੱਖ ਰੁਪਏ ਦਾ ਫਰਨੀਚਰ ਲੈਣ ਲਈ ਚੈੱਕ ਦਿੱਤਾ ਹੈ ਤੇ ਸਕੂਲ ਦੀ ਇਮਾਰਤ ਨੂੰ ਰੰਗ ਰੋਗਨ ਕਰਨ ਲਈ 3 ਲੱਖ ਰੁਪਏ ਦਾ ਚੈੱਕ ਜਲਦੀ ਦੇ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੋਕਲ ਕਮੇਟੀ ਪ੍ਰਧਾਨ ਸਰਦਾਰ ਹਰਨੇਕ ਸਿੰਘ ਪੂਨੀਆਂ, ਨੰਬਰਦਾਰ ਪਰਮਜੀਤ ਸਿੰਘ, ਆਸਾ ਸਿੰਘ ਮਹੰਤ ਅੰਮ੍ਰਿਤ ਵਣ, ਹਰੀ ਸਿੰਘ ਨੰਗਲਾ, ਨਿਰਮਲ ਸਿੰਘ ਸਹਾਰਨਾ, ਹਰੇ ਰਾਮ ਸਿੰਘ, ਹਰਦੀਪ ਸਿੰਘ ਧਾਲੀਵਾਲ, ਪ੍ਰਿੰਸੀਪਲ ਗੁਰਪ੍ਰੀਤ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

ਵਿਜੀਲੈਂਸ ਤੇ ਫੂਡ ਸੇਫਟੀ ਅਫਸਰ ਵੱਲੋਂ ਫੂਡ ਫੈਕਟਰੀ ਦੀ ਚੈਕਿੰਗ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਸ਼੍ਰੀ ਨਗੇਸ਼ਵਰ ਰਾਓ ਆਈ.ਪੀ.ਐੱਸ. ਮੁੱਖ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਤੇ ਮਨਜੀਤ ਸਿੰਘ ਸੀਨੀਅਰ ਕਪਤਾਨ ਪੁਲਸ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਕੇਵਲ ਕ੍ਰਿਸ਼ਨ ਉੱਪ ਕਪਤਾਨ ਪੁਲਸ ਵਿਜੀਲੈਂਸ ਬਿਊਰੋ ਯੂਨਿਟ ਫਰੀਦਕੋਟ ਦੀ ਟੀਮ ਵੱਲੋਂ ਸ੍ਰੀ ਹਰਵਿੰਦਰ ਸਿੰਘ ਫੂਡ ਸੇਫਟੀ ਅਫਸਰ, ਦਫਤਰ ਸਿਵਲ ਸਰਜਨ, ਫਰੀਦਕੋਟ ਨੂੰ ਹਮਰਾਹ ਲੈ ਕੇ ਗੇਰਾ ਫੂਡ ਪ੍ਰੋਡਕਟਸ ਕੋਟਕਪੂਰਾ ਰੋਡ ਫਰੀਦਕੋਟ ਵਿਖੇ ਫੈਕਟਰੀ ਦੇ ਮਾਲਕ ਦੀ ਹਾਜ਼ਰੀ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਫੈਕਟਰੀ ਵਿਖੇ ਸਾਫ ਸਫਾਈ ਦੇ ਮਾਪਦੰਡਾਂ ਨੂੰ ਦੇਖਦੇ ਹੋਏ ਫੂਡ ਸੇਫਟੀ ਅਫਸਰ ਫਰੀਦਕੋਟ ਵੱਲੋਂ ਫੂਡ ਸੇਫਟੀ ਐਕਟ ਅਧੀਨ 3 ਚਲਾਨ ਕੀਤੇ ਗਏ ਤੇ ਫੈਕਟਰੀ ਵਿੱਚ ਤਿਆਰ ਕੀਤੇ ਜਾ ਰਹੇ ਅਚਾਰ ਤੇ ਮੁਰੱਬੇ ਦੇ 4 ਸੈਂਪਲ ਭਰੇ ਗਏ।ਸ੍ਰੀ ਹਰਵਿੰਦਰ ਸਿੰਘ ਫੂਡ ਸੇਫਟੀ ਅਫਸਰ ਨੇ ਦੱਸਿਆ ਕਿ ਇਨ੍ਹਾਂ ਸੈਂਪਲਾਂ ਨੂੰ ਨਰੀਖਣ ਲਈ ਫੂਡ ਐਂਡ ਡਰੱਗਜ਼ ਲੈਬ ਖਰੜ ਵਿਖੇ ਜਮ੍ਹਾਂ ਕਰਵਾਇਆ ਜਾਵੇਗਾ।ਨਰੀਖਕ ਰਿਪੋਰਟ ਆਉਣ 'ਤੇ ਜੇਕਰ ਕਿਸੇ ਪ੍ਰਕਾਰ ਦੀ ਮਿਲਾਵਟ ਜਾਂ ਕਮੀ ਪਾਈ ਗਈ ਤਾਂ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਰਕਾਰੀ ਆਈ.ਟੀ.ਆਈ. ਵਿਖੇ ਪਾਣੀ ਬਚਾਓ ਦਿਵਸ 'ਤੇ ਸੈਮੀਨਾਰ

ਜਲਾਲਾਬਾਦ (ਜੀਤ ਕੁਮਾਰ, ਸੰਗੀਰ ਕੌਰ)-ਉਦਯੋਗਿਕ ਸਿਖਲਾਈ ਸੰਸਥਾ (ਸਰਕਾਰੀ ਆਈ.ਟੀ.ਆਈ.) ਜਲਾਲਾਬਾਦ ਵਿਖੇ ਪ੍ਰਿੰਸੀਪਲ ਰਜਿੰਦਰ ਸਿੰਘ ਜੋਸਨ ਦੀ ਅਗਵਾਈ ਹੇਠ ਪਾਣੀ ਬਚਾਓ ਦਿਵਸ ਮੌਕੇ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਵਿਨੋਦ ਕੁਮਾਰ ਭੂਮੀ ਰੱਖਿਆ ਅਫਸਰ ਤੇ ਖੇਤੀਬਾੜੀ ਸਬ ਇੰਸਪੈਕਟਰ ਸੋਨੂੰ ਕੁਮਾਰ ਨੇ ਸਿੱਖਿਆਰਤੀਆਂ ਨੂੰ ਪਾਣੀ ਬਚਾਓ ਸਬੰਧੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਆਈ.ਟੀ.ਆਈ. ਵਿਖੇ ਸਿੱਖਿਆਰਤੀਆਂ ਨੂੰ ਸਪੋਰਟਸ ਮੀਟ ਵੀ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਭਾਗ ਲਿਆ। ਸੰਸਥਾ ਦੇ ਟ੍ਰੇਨਿੰਗ ਅਫਸਰ ਮਦਨ ਲਾਲ, ਰਾਜੀਵ ਕੁਮਾਰ ਹੋਸਟਲ ਸੁਪਰਡੈਂਟ ਤੇ ਸਮੂਹ ਸਟਾਫ ਦੀ ਅਗਵਾਈ ਹੇਠ ਸੰਸਥਾ ਦੇ ਸਮੂਹ ਸਿੱਖਿਆਰਥੀਆਂ ਨੂੰ ਇਸ ਸੈਮੀਨਾਰ ਤੇ ਸਪੋਰਟਸ ਮੀਟ ਵਿੱਚ ਵਧ ਚੜ੍ਹ ਕੇ ਹਿੱਸਾ ਦਿਵਾਇਆ ਗਿਆ।

ਪੰਜਾਬ ਦੇ ਬਜਟ 'ਚ ਸਿਹਤ ਲਈ ਪਿਛਲੇ ਸਾਲ ਨਾਲੋਂ ਘੱਟ ਅਲਾਟਮੈਂਟ : ਆਈ ਡੀ ਪੀ ਡੀ

ਲੁਧਿਆਣਾ (ਐੱਮ. ਐੱਸ. ਭਾਟੀਆ)-ਸਿਹਤ ਦੇ ਬਜਟ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਦੇ ਪ੍ਰਧਾਨ ਡਾ. ਅਰੁਣ ਮਿੱਤਰਾ ਤੇ ਡਾ. ਇੰਦਰਵੀਰ ਸਿੰਘ ਗਿੱਲ ਨੇ ਕਿਹਾ ਕਿ 2.36 ਲੱਖ ਕਰੋੜ ਰੁਪਏ ਦੇ ਕੁੱਲ ਬਜਟ ਵਿੱਚੋਂ ਸਿਹਤ ਲਈ 5598 ਕਰੋੜ ਰੁਪਏ ਦੀ ਅਲਾਟਮੈਂਟ ਇੱਕ ਮਜ਼ਾਕ ਹੈ।ਇਹ ਕੁੱਲ ਬਜਟ ਦਾ ਸਿਰਫ 2.37% ਬਣਦਾ ਹੈ।ਇਹ ਪਿਛਲੇ ਸਾਲ ਦੇ ਬਜਟ ਤੋਂ ਵੀ ਘੱਟ ਹੈ ਜੋ ਕੁੱਲ 204914 ਕਰੋੜ ਰੁਪਏ ਵਿੱਚੋਂ 5264 ਕਰੋੜ ਰੁਪਏ ਸੀ ਜੋ ਕਿ ਕੁੱਲ ਬਜਟ ਦਾ 2.5% ਹੈ।ਇਹ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਰਾਜ ਵਿੱਚ ਲੋਕਾਂ ਦੀ ਸਿਹਤ ਨੂੰ ਕਿਵੇਂ ਬਿਹਤਰ ਬਣਾਏਗੀ।

ਮੁੱਖ ਮੰਤਰੀ ਦੀ ਸਿਹਤ ਲਈ ਇਸ ਘੱਟ ਅਲਾਟਮੈਂਟ ਨਾਲ ਸੂਬੇ ਦੇ ਸਾਰੇ 65 ਲੱਖ ਪਰਿਵਾਰਾਂ ਲਈ ਸਿਹਤ ਬੀਮਾ ਸਰਵਜਨਕ ਬਣਾਉਣ ਦੀ ਯੋਜਨਾ ਇੱਕ ਸੁਪਨਾ ਹੀ ਰਹਿ ਜਾਵੇਗੀ।ਇਹ ਬਜਟ ਇਸ ਸਮੇਂ ਦੌਰਾਨ ਮਹਿੰਗਾਈ ਵਿੱਚ ਵਾਧੇ ਨੂੰ ਵੀ ਪੂਰਾ ਨਹੀਂ ਕਰੇਗਾ।

ਬਜਟ ਕਿਸਾਨ ਤੇ ਮਜ਼ਦੂਰ ਵਿਰੋਧੀ : ਮਨਜੀਤ ਧਨੇਰ

- ਖੇਤੀ ਖੇਤਰ ਲਈ ਰੱਖਿਆ ਬਜਟ ਮਹਿੰਗਾਈ ਦਾ ਵਾਧਾ ਪੂਰਨ 'ਚ ਨਾਕਾਮ : ਹਰਨੇਕ ਮਹਿਮਾ
- ਪੁਲਸ ਤੇ ਜੇਲ੍ਹਾਂ 'ਤੇ ਵੱਡਾ ਖਰਚਾ ਕਰਕੇ ਪੰਜਾਬ ਨੂੰ ਪੁਲਸ ਸਟੇਟ ਬਣਾਉਣ ਦੀ ਤਿਆਰੀ : ਗੁਰਦੀਪ ਰਾਮਪੁਰਾ

ਮਨਜੀਤ ਸਿੰਘ ਧਨੇਰ, ਹਰਨੇਕ ਸਿੰਘ ਮਹਿਮਾ, ਗੁਰਦੀਪ ਸਿੰਘ ਰਾਮਪੁਰਾ।

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਨੇ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਜਟ ਦੀ ਨਿਖੇਧੀ ਕਰਦਿਆਂ ਕਿਹਾ ਕਿ ਬਜਟ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਗਈ ਹੈ। ਇਸ ਬਾਰੇ ਵਿਸਥਾਰ ਵਿੱਚ ਗੱਲ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਖੇਤੀ ਤੇ ਇਸਦੇ ਨਾਲ ਜੁੜਵੇਂ ਖੇਤਰਾਂ ਵਾਸਤੇ 14524 ਕਰੋੜ ਦਾ ਬਜਟ ਰੱਖਿਆ ਗਿਆ ਹੈ। ਵਿੱਤ ਮੰਤਰੀ ਅਨੁਸਾਰ ਇਹ ਪਿਛਲੇ ਸਾਲ ਨਾਲੋਂ 5% ਦਾ ਵਾਧਾ ਹੈ, ਪਰ 2023-24 ਤੇ 2024-25 ਦੇ ਬਜਟ ਨਾਲ ਮਿਲਾਣ ਕਰਦਿਆਂ ਇਸ ਨੂੰ ਵਾਧਾ ਕਿਹਾ ਹੀ ਨਹੀਂ ਜਾ ਸਕਦਾ, ਕਿਉਂਕਿ ਇਹ ਰਕਮ ਮਹਿੰਗਾਈ ਵਧਣ ਕਾਰਨ ਖਰੀਦ ਸ਼ਕਤੀ ਵਿੱਚ ਲੱਗੇ ਖੋਰੇ ਦੀ ਵੀ ਭਰਪਾਈ ਨਹੀਂ ਕਰਦੀ। 2023-24 ਵਿੱਚ ਖ

28-March-11-Page-Majha-25.qxd 3/27/2025 11:13 PM Page 1

ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਬਜਟ ਦੀਆਂ ਸਾਂਝਾ ਫਰੰਟ ਨੇ ਫੂਕੀਆਂ ਕਾਪੀਆਂ

ਤਰਨ ਤਾਰਨ : ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 24 ਅਤੇ 25 ਮਾਰਚ ਨੂੰ ਮੁਹਾਲੀ ਵਿਖੇ ਲਗਾਤਾਰ ਕੀਤੀਆਂ ਗਈਆਂ ਦੋ ਰੈਲੀਆਂ ਅਤੇ ਵਿਧਾਨ ਸਭਾ ਵੱਲ ਕੀਤੇ ਗਏ ਰੋਸ ਮਾਰਚ ਦੇ ਬਾਵਜੂਦ ਭਗਵੰਤ ਮਾਨ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਬਜਟ ਵਿੱਚ ਇੱਕ ਵਾਰ ਫਿਰ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਧੋਖਾ ਕੀਤਾ ਹੈ। ਜਿਸ ਵਿਰੁੱਧ ਅੱਜ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ 'ਤੇ ਸਥਾਨਕ ਪਾਵਰਕਾਮ ਦੇ ਦਫਤਰ ਦੇ ਗੇਟ 'ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਸਮੇਤ ਕੱਚੇ ਕਾਮਿਆਂ ਨੇ ਇਕੱਤਰ ਹੋ ਕੇ ਸਰਕਾਰ ਖਿਲਾਫ਼ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਸਾਂਝਾ ਫਰੰਟ ਦੇ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ, ਸੂਬਾ ਆਗੂ ਗੁਰਭੇਜ ਸਿੰਘ ਢਿੱਲੋਂ, ਜਸਵਿੰਦਰ ਸਿੰਘ ਮਾਣੋਚਾਹਲ, ਬਲਜਿੰਦਰ ਸਿੰਘ ਦੋਬਲੀਆਂ, ਦਵਿੰਦਰ ਸਿੰਘ, ਮਾਸਟਰ ਸਤਵਿੰਦਰ ਸਿੰਘ, ਜੱਸਾ ਸਿੰਘ ਕੱਦਗਿਲ, ਪੂਰਨ ਦਾਸ, ਲਖਵਿੰਦਰ ਸਿੰਘ ਬਹਿਲਾ, ਵਿਜੇ ਕੁਮਾਰ ਜੋਸ਼ੀ, ਕਲਵਿੰਦਰ ਸਿੰਘ ਬਾਗੜੀਆਂ, ਗੁਰਮੀਤ ਸਿੰਘ ਗੋਲਾ, ਸਿਮਰਨਜੀਤ ਸਿੰਘ, ਕਵਲਜੀਤ ਕੌਰ, ਕਰਮ ਸਿੰਘ ਲਾਲਪੁਰਾ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਗਿਆਨ ਸਿੰਘ ਜੌਹਲ, ਰਾਕੇਸ਼ ਕੁਮਾਰ ਮਲਹੋਤਰਾ, ਪਲਵਿੰਦਰ ਸਿੰਘ ਜੋਸਨ, ਅਵਤਾਰ ਕ੍ਰਿਸ਼ਨ, ਜਸਪ੍ਰੀਤ ਸਿੰਘ, ਲਖਬੀਰ ਸਿੰਘ ਰੈਸੀਆਣਾ ਆਦਿ ਨੇ ਕਿਹਾ ਕਿ ਸਰਕਾਰ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੀਆਂ ਆਸ਼ਾ ਅਤੇ ਮਿਡ ਡੇ ਮੀਲ ਵਰਕਰਾਂ ਦੀਆਂ ਤਨਖਾਹਾਂ ਦੁੱਗਣੀਆਂ ਕਰਨ, ਐਨ.ਪੀ.ਐੱਸ. ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਚੇ ਅਤੇ ਠੇਕਾ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕਰਨ, ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਗੁਣਾਂਕ ਨਾਲ ਤੈਅ ਕਰਨ, ਪੇਂਡੂ ਭੱਤੇ ਸਮੇਤ ਕੱਟੇ ਗਏ ਸਾਰੇ ਭੱਤੇ ਮੁੜ ਬਹਾਲ ਕਰਨ, ਮਹਿੰਗਾਈ ਭੱਤੇ ਨੂੰ ਕੇਂਦਰ ਨਾਲ ਲਿੰਕ ਕਰਕੇ ਰਹਿੰਦੇ ਸਾਰੇ ਬਕਾਇਆਂ ਦਾ ਭੁਗਤਾਨ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਸਾਰੇ ਬਕਾਏ ਤਿੰਨ ਕਿਸ਼ਤਾਂ ਵਿੱਚ ਅਦਾ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਮੁਲਾਜ਼ਮਾਂ ਨੂੰ ਕੇਂਦਰੀ ਸਕੇਲਾਂ ਦੀ ਬਜਾਏ ਪੰਜਾਬ ਦੇ ਸਕੇਲਾਂ ਨਾਲ ਜੋੜਨ, ਮੁਲਾਜ਼ਮਾਂ ਦੇ ਪਰਖ ਸਮੇਂ ਸਬੰਧੀ 15 ਜਨਵਰੀ 2015 ਦੇ ਪੱਤਰ ਨੂੰ ਰੱਦ ਕਰਕੇ ਪਰਖ ਸਮਾਂ 2 ਸਾਲ ਕਰਨ ਅਤੇ ਵਿਕਾਸ ਟੈਕਸ ਦੇ ਨਾਂਅ ਹੇਠ ਪ੍ਰਤੀ ਮਹੀਨਾ 200 ਰੁਪਏ ਜਜ਼ੀਆ ਕੱਟੇ ਜਾਣ ਨੂੰ ਰੱਦ ਕਰਨ ਦੀਆਂ ਚੋਣ ਗਰੰਟੀਆਂ ਦਿੱਤੀਆਂ ਗਈਆਂ ਸਨ ਪ੍ਰੰਤੂ ਅਫਸੋਸ ਕਿ ਪੰਜਾਬ ਸਰਕਾਰ ਦੇ ਚੌਥੇ ਬਜਟ ਵਿੱਚ ਵੀ ਇਹਨਾਂ ਗਰੰਟੀਆਂ ਬਾਰੇ ਸਰਕਾਰ ਨੇ ਚੁੱਪੀ ਧਾਰੀ ਹੋਈ ਹੈ। ਜਿਸ ਦਾ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਸਾਂਝਾ ਫਰੰਟ ਦੇ ਝੰਡੇ ਹੇਠ ਲਗਾਤਾਰ ਵਿਰੋਧ ਕਰਦੇ ਰਹਿਣਗੇ।

ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ 'ਤੇ ਤਸ਼ੱਦਦ ਕਰਨ ਦੀ ਜ਼ੋਰਦਾਰ ਨਿੰਦਾ ਕਰਦਿਆਂ ਗ੍ਰਿਫ਼ਤਾਰ ਕਿਸਾਨ ਆਗੂਆਂ ਅਤੇ ਵਰਕਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਸਰਕਾਰ ਵਿਰੁੱਧ 28 ਮਾਰਚ ਨੂੰ ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਦਿੱਤੇ ਜਾ ਰਹੇ ਰੋਸ ਧਰਨਿਆਂ ਦੀ ਡਟਵੀਂ ਹਮਾਇਤ ਕਰਨ ਦਾ ਐਲਾਨ ਕੀਤਾ।

ਫ਼ੌਜ, ਪੰਜਾਬ ਪੁਲਸ, ਬੀ ਐੱਸ ਐੱਫ, ਸੀ ਆਰ ਪੀ ਐੱਫ ਤੇ ਸੀ ਆਈ ਐੱਫ ਦੀ ਭਰਤੀ ਲਈ ਟ੍ਰੇਨਿੰਗ ਕੈਂਪ ਪਹਿਲੀ ਤੋਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਕਮਾਂਡਰ ਬਲਜਿੰਦਰ ਵਿਰਕ (ਰਿਟਾ), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਭਰਤੀ ਟ੍ਰੇਨਿੰਗ ਲਈ ਦਫ਼ਤਰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਗੁਰਦਾਸਪੁਰ ਵਿਖੇ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜਿਸ ਦਾ ਵੱਧ ਤੋਂ ਵੱਧ ਫ਼ਾਇਦਾ ਉਠਾ ਕੇ ਨੌਜਵਾਨ ਟ੍ਰੇਨਿੰਗ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸੈਨਾ, ਬੀ.ਐੱਸ.ਐਫ, ਸੀ.ਆਰ.ਪੀ.ਐਫ, ਸੀ.ਆਈ.ਐੱਸ.ਐਫ ਅਤੇ ਪੰਜਾਬ ਪੁਲਸ ਵਿੱਚ ਭਰਤੀ ਹਿਤ ਅਗਲਾ ਟ੍ਰੇਨਿੰਗ ਕਾਡਰ ਮਿਤੀ 1 ਅਪ੍ਰੈਲ ਤੋਂ ਸ਼ੁਰੂ ਹੋ ਰਿਹਾ ਹੈ। ਇਸ ਕਾਡਰ ਵਿੱਚ ਸਾਬਕਾ ਸੈਨਿਕਾਂ, ਉਨ੍ਹਾਂ ਦੀਆਂ ਵਿਧਵਾਵਾਂ ਦੇ ਬੱਚੇ ਅਤੇ ਸੇਵਾ ਕਰ ਰਹੇ ਸੈਨਿਕਾਂ ਅਤੇ ਸਿਵਲੀਅਨਾਂ ਦੇ ਬੱਚਿਆਂ ਨੂੰ ਭਰਤੀ ਸਬੰਧੀ ਤਿਆਰੀ ਕਰਵਾਈ ਜਾਵੇਗੀ, ਜਿਸ ਵਿੱਚ ਸਰੀਰਕ ਫਿਟਨੈੱਸ ਦੇ ਨਾਲ ਲਿਖਤੀ ਪ੍ਰੀਖਿਆ ਦੀ ਵੀ ਸਿਖਲਾਈ ਦਿੱਤੀ ਜਾਵੇਗੀ । ਉਨ੍ਹਾਂ ਕਿਹਾ ਕਿ ਸਿਖਲਾਈ ਲਈ ਸਰਕਾਰ ਵੱਲੋਂ ਤਜਰਬੇਕਾਰ ਸਟਾਫ਼ ਮੁਹੱਈਆ ਕਰਵਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਆਪਣੇ ਸਾਰੇ ਸਰਟੀਫਿਕੇਟ ਨਾਲ ਲੈ ਕੇ ਦਫ਼ਤਰੀ ਸਮੇਂ ਦੌਰਾਨ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਜਾਣਕਾਰੀ ਲਈ ਮੋਬਾਈਲ ਨੰਬਰ 99159-41948 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕਿਸਾਨਾਂ ਵੱਲੋਂ ਰੋਸ ਮੁਜ਼ਾਹਰੇ ਅੱਜ

ਝਬਾਲ (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਕਿਸਾਨ ਸਭਾ ਦੀ ਜ਼ਿਲ੍ਹਾ ਇਕਾਈ ਮੀਟਿੰਗ ਅੱਜ ਬਲਦੇਵ ਸਿੰਘ ਧੂੰਦਾ ਤੇ ਰਣਜੀਤ ਸਿੰਘ ਬਹਾਦਰ ਨਗਰ ਦੀ ਪ੍ਰਧਾਨਗੀ ਹੇਠ ਹੋਈ। ਸੂਬਾਈ ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸਾਰੇ ਥਾਈਂ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਅੱਜ ਕਿਸਾਨ ਰੋਸ ਮੁਜ਼ਾਹਰੇ ਕਰਨਗੇ ਕਿਉਂਕਿ ਭਗਵੰਤ ਮਾਨ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਬਾਰਡਰ ਉੱਪਰ ਕਿਸਾਨਾਂ ਨਾਲ ਧੱਕੇਸ਼ਾਹੀ ਕਰਕੇ ਉਹਨਾਂ ਨੂੰ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ ਅਤੇ ਆਗੂਆਂ ਨੂੰ ਗੱਲਬਾਤ ਲਈ ਸੱਦ ਕੇ ਗ੍ਰਿਫਤਾਰ ਕੀਤਾ ਗਿਆ ਹੈ ਜੋ ਸ਼ਰੇਆਮ ਧੱਕਾ ਕੀਤਾ ਹੈ। ਉਲਟਾ ਲੋਕਾਂ ਵਿੱਚ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਸਾਨ ਸਭਾ ਨੇ ਪੁੱਛਿਆ ਕਿ ਕੀ ਇਹ ਉਹੀ ਭਗਵੰਤ ਮਾਨ ਹੈ, ਜੋ ਚੁਟਕੀ ਵਿੱਚ ਐਮ ਐਸ ਪੀ ਦੇਣ ਦਾ ਵਾਅਦਾ ਕਰਦਾ ਸੀ। ਪਹਿਲਾਂ ਇਹਨੇ ਪੰਜ ਮਾਰਚ ਨੂੰ ਪੰਜਾਬ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਫੜੋ ਫੜਾਈ ਕੀਤੀ ਤੇ ਹੁਣ ਸ਼ੰਭੂ ਅਤੇ ਖਨੌਰੀ ਵਿਖੇ ਹੋਰ ਧੱਕਾ ਕੀਤਾ ਹੈ। ਇਹ ਸਭ ਕੁੱਝ ਕੇਂਦਰ ਸਰਕਾਰ ਦੀ ਮਿਲੀਭੁਗਤ ਨਾਲ ਕੀਤਾ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਮਾਨੋਚਾਹਲ, ਦਵਿੰਦਰ ਸੋਹਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਅਵਤਾਰ ਸਿੰਘ ਪਲਾਸੌਰ, ਮੋਤਾ ਸਿੰਘ ਸੋਹਲ, ਚਰਨ ਸਿੰਘ ਤਰਨ ਤਾਰਨ, ਰਾਣਾ ਰਣਜੀਤ ਸਿੰਘ ਤੇ ਸੁਰਜੀਤ ਸਿੰਘ ਵੀ ਹਾਜ਼ਰ ਸਨ।

31 ਤੱਕ ਬਿਜਲੀ ਬਿੱਲ ਜਮ੍ਹਾਂ ਕਰਨ ਦੀ ਅਪੀਲ

ਚੋਹਲਾ ਸਾਹਿਬ (ਰਮਨ ਚੱਡਾ)-ਪਾਵਰਕਾਮ ਦੀਆਂ ਸਖਤ ਹਦਾਇਤਾਂ ਦੀ ਪਾਲਣਾ ਕਰਦਿਆਂ ਹੋਇਆਂ ਅੱਜ ਕਸਬਾ ਚੋਹਲਾ ਸਾਹਿਬ ਵਿਖੇ ਬਿਜਲੀ ਬਿੱਲ ਡਿਫਾਲਟਰਾਂ ਦੇ ਬਿੱਲਾਂ ਦੀ ਉਗਰਾਹੀ ਕਰਦਿਆਂ ਜਸਵਿੰਦਰ ਸਿੰਘ ਛੱਜਲਵੱਡੀ ਉੱਪ ਮੰਡਲ ਅਫਸਰ ਸਰਹਾਲੀ ਨੇ ਬਿਜਲੀ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਵੱਲ ਬਿਜਲੀ ਬਿੱਲਾਂ ਦਾ ਬਕਾਇਆ ਹੈ ਉਹ 31 ਮਾਰਚ ਤੱਕ ਆਪੋ ਆਪਣੇ ਬਿਜਲੀ ਦੇ ਬਿੱਲ ਜਮ੍ਹਾਂ ਕਰਵਾ ਦੇਣ ਨਹੀਂ ਤਾਂ ਉਹਨਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿਤੇ ਜਾਣਗੇ। ਉਹਨਾ ਕਿਹਾ ਕਿ ਬਿਜਲੀ ਚੋਰੀ ਨਾ ਕੀਤੀ ਜਾਵੇ ਤੇ ਜਿਹੜਾ ਬਿਜਲੀ ਚੋਰੀ ਕਰਦਾ ਫੜਿਆ ਗਿਆ ਤਾਂ ਉਸ 'ਤੇ ਪੀ. ਐਸ. ਪੀ. ਸੀ. ਐਲ. ਦੇ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਹਨਾ ਨਾਲ ਹਰਪਾਲ ਸਿੰਘ ਜੇ ਈ, ਬਲਜੀਤ ਸਿੰਘ ਜੇ ਈ, ਜੁਗਿੰਦਰ ਸਿੰਘ ਲਾਈਨਮੈਨ, ਰਛਪਾਲ ਸਿੰਘ ਲਾਈਨਮੈਨ, ਮਨਦੀਪ ਸਿੰਘ ਅਤੇ ਹੋਰ ਵੀ ਸਟਾਫ ਹਾਜ਼ਰ ਸੀ

ਚਲਾਨ ਨਾ ਭਰਨ ਦੀ ਸੂਰਤ 'ਚ ਵਾਹਨ ਹੋਣਗੇ ਬਲੈਕ ਲਿਸਟ : ਆਰ ਟੀ ਏ

ਪਠਾਨਕੋਟ (ਦਵਿੰਦਰ ਸਿੰਘ)-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਿਟੀ ਪਠਾਨਕੋਟ ਅਰਸ਼ਦੀਪ ਸਿੰਘ ਲੁਬਾਣਾ ਨੇ ਦੱਸਿਆ ਕਿ ਸੂਬੇ ਅੰਦਰ ਮੋਟਰ ਵਹੀਕਲ ਐਕਟ 1988 ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਚਲਾਨ ਕੀਤੇ ਜਾਂਦੇ ਹਨ। ਜੇਕਰ ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਅਧੀਨ ਰੂਲ 167 ਤਹਿਤ 90 ਦਿਨਾਂ ਦੇ ਅੰਦਰ ਅੰਦਰ ਚਲਾਨ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਤਾਂ ਵਿਭਾਗ ਵੱਲੋਂ ਸਬੰਧਤ ਵਹੀਕਲ ਨੂੰ ਬਲੈਕ ਲਿਸਟ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵਾਹਨ ਬਲੈਕ ਲਿਸਟ ਹੋਣ ਕਾਰਨ ਸਬੰਧਤ ਵਾਹਨ ਦੇ ਮਾਲਕ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਸੇਵਾ ਜਿਵੇਂ ਬੀਮਾ, ਪ੍ਰਦੂਸ਼ਣ, ਰਜਿਸਟਰੇਸ਼ਨ ਆਦਿ ਦਾ ਲਾਭ ਨਹੀਂ ਲੈ ਸਕਦੇ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਾਨ ਦੀ ਬਣਦੀ ਰਕਮ ਸਮੇਂ ਸਿਰ ਦਫਤਰ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਪਠਾਨਕੋਟ ਵਿਖੇ ਜਮ੍ਹਾਂ ਕਰਵਾਉਂਣ । ਚਲਾਨ ਦੀ ਬਣਦੀ ਰਕਮ ਜਮ੍ਹਾਂ ਨਾ ਕਰਵਾਣ ਦੀ ਸੂਰਤ ਵਿੱਚ ਵਾਹਨ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ।

ਬੱਕਰੀਆਂ ਚੋਰੀ ਕਰਨ ਵਾਲਿਆਂ 'ਤੇ ਨਹੀਂ ਹੋਈ ਕਾਰਵਾਈ : ਸ਼ਿੰਗਾਰਾ ਸਿੰਘ

ਗੁਰਦਾਸਪੁਰ (ਜਨਕ ਮਹਾਜਨ)- ਪਿੰਡ ਨੌਸ਼ਹਿਰਾ ਦੇ ਸਾਬਕਾ ਸਰਪੰਚ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡੋਂ ਪਿਛਲੇ ਦਿਨੀਂ ਇਕ ਬੱਕਰੀ ਕਾਲੇ ਰੰਗ ਅਤੇ ਦੋ ਬੱਕਰੇ ਕਾਲੇ ਰੰਗ ਦੇ ਚੋਰੀ ਹੋ ਗਏ ਸਨ ਜਿਨ੍ਹਾਂ ਦੀ ਕੀਮਤ ਕਰੀਬ 45000 ਸੀ। ਉਨ੍ਹਾਂ ਦੱਸਿਆ ਕਿ ਇਸ ਚੋਰੀ ਦੀ ਘਟਨਾ ਨੂੰ ਲੈ ਕੇ ਉਨ੍ਹਾਂ ਸ਼ਾਲਾ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਪਰ ਇੱਕ ਹਫਤੇ ਦਾ ਸਮਾਂ ਬੀਤ ਜਾਣ ਉਪਰੰਤ ਵੀ ਸ਼ਾਲਾ ਪੁਲਸ ਵੱਲੋਂ ਚੋਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਲਾਕੇ ਅੰਦਰ ਲਗਾਤਾਰ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ ਪੁਲਸ ਕਿਸੇ ਵੀ ਚੋਰ ਨੂੰ ਅਜੇ ਤੱਕ ਫੜਨ ਵਿੱਚ ਕਾਮਯਾਬ ਨਹੀਂ ਹੋਈ। ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਇਲਾਕੇ ਅੰਦਰ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਰੋਕਣ ਦੇ ਨਾਲ-ਨਾਲ ਬੱਕਰੀਆਂ ਚੋਰੀ ਕਰਨ ਵਾਲੇ ਨੂੰ ਫੜ ਕੇ ਮੈਨੂੰ ਜਲਦ ਤੋਂ ਜਲਦ ਇਨਸਾਫ ਦਿਵਾਇਆ ਜਾਵੇ।

ਜਾਗਰਣ 30 ਨੂੰ

ਗੁਰਦਾਸਪੁਰ (ਜਨਕ ਮਹਾਜਨ)- ਪਿੰਡ ਚਾਵਾ (ਨਵਾਂ ਨੌਸ਼ਹਿਰਾ ਵਿਖੇ)-31ਵਾਂ ਮਹਾਂਮਾਈ ਦਾ ਜਾਗਰਣ 30 ਮਾਰਚ ਨੂੰ ਮਹਾਕਾਲ ਯੂਥ ਕਲੱਬ ਵੱਲੋਂ ਬੜੀ ਧੂਮਧਾਮ ਤੇ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਮੈਂਬਰ ਸਾਹਿਬਾਨ ਨੇ ਦੱਸਿਆ ਕਿ ਇਸ ਦੌਰਾਨ ਮਹਾਂਮਾਈ ਦੀ ਪੂਜਾ ਅਰਚਨਾ ਕੀਤੀ ਜਾਵੇਗੀ ਅਤੇ ਲੰਗਰਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਪਾਰੁਲ ਕਸ਼ਯਪ ਸ਼ਰਧਾਲੂਆਂ ਨੂੰ ਮਹਾਂਮਾਈ ਦੀਆਂ ਭੇਟਾਂ ਦਾ ਗੁਣਗਾਨ ਕਰਾਉਣਗੇ।

ਮੇਲਾ ਅੱਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) - ਪੁਰਾਤਨ ਸਮੇਂ ਤੋਂ ਚੱਲਦਾ ਆ ਰਿਹਾ ਚੇਤ ਚੌਦਾਂ ਦਾ ਮੇਲਾ ਚੇਤ ਮੇਲਾ ਦੰਗਲ ਕਮੇਟੀ ਵਲੋਂ ਅੱਜ 28 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਪਾਰਕ ਵਿਚ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਬਿੱਟੂ ਨੇ ਦੱਸਿਆ ਕਿ ਸਵੇਰ ਸਮੇਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਨੇੜੇ ਪੁਰਾਣੀ ਮੰਡੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਆਈਆਂ ਸੰਗਤਾਂ ਲਈ ਲੰਗਰ ਵਰਤਾਏ ਜਾਣਗੇ। ਸ਼ਾਮ ਨੂੰ 5 ਵਜੇ ਸੱਦੇ ਹੋਏ ਲੋਕਲ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ ਅਤੇ ਜੇਤੂਆਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਡਾ. ਉਬਰਾਏ ਵੱਲੋਂ ਕੀਤੇ ਜਾ ਰਹੇ ਹਨ ਨੇਕ ਕਾਰਜ : ਘਟੌੜਾ, ਕਲਸੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਉਘੀ ਸਮਾਜ ਸੇਵੀ ਸ਼ਖਸੀਅਤ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਸਿੱਖ ਸਰਦਾਰ ਕਾਰੋਬਾਰੀ ਡਾ. ਐੱਸ. ਪੀ. ਸਿੰਘ ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰ

28 Mar Page-12.qxd 3/27/2025 11:05 PM Page 1

ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਮੇਤ ਦੋ ਔਰਤਾਂ ਕਾਬੂ

ਗੁਰਾਇਆ (ਬਿੰਦਰ ਸੁੰਮਨ): ਪੁਲਸ ਨੇ ਦੋ ਮਹਿਲਾਵਾਂ ਨੂੰ ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਗੁਰਾਇਆ ਸਬ ਇੰਸਪੈਕਟਰ ਗੁਰਸ਼ਰਨ ਸਿੰਘ ਨੇ ਦੱਸਿਆ ਏ.ਐਸ.ਆਈ ਸੁਰਿੰਦਰ ਮੋਹਨ ਨੇ ਸਮੇਤ ਪੁਲਸ ਪਾਰਟੀ ਪਿੰਡ ਰੁੜਕਾ ਖੁਰਦ ਤੋਂ ਗਸ਼ਤ ਦੇ ਦੌਰਾਨ ਪਰਮਜੀਤ ਕੌਰ ਪਤਨੀ ਕੁਲਵਿੰਦਰ ਲਾਲ ਵਾਸੀ ਪਿੰਡ ਜੱਜਾ ਖੁਰਦ ਥਾਣਾ ਫਿਲੌਰ ਹਾਲ ਵਾਸੀ ਰੁੜਕਾ ਖੁਰਦ ਥਾਣਾ ਗੁਰਾਇਆ ਨੂੰ ਗ੍ਰਿਫਤਾਰ ਕਰਕੇ ਇਸ ਕੋਲੋਂ 53 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ ਜਦਕਿ ਇੰਦਰਜੀਤ ਕੌਰ ਪਤਨੀ ਮਨਜੀਤ ਸਿੰਘ ਵਾਸੀ ਪਾਲਕਦੀਨ ਥਾਣਾ ਫਿਲੌਰ ਹਾਲ ਵਾਸੀ ਰੁੜਕਾ ਖੁਰਦ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 02 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਜਿਨ੍ਹਾਂ ਦੇ ਖਿਲਾਫ ਥਾਣਾ ਗੁਰਾਇਆ ਵਿਖੇ ਮਾਮਲਾ ਦਰਜ ਕਰਕੇ ਹੋਰ ਪੁੱਛਗਿਛ ਕੀਤੀ ਜਾ ਰਹੀ ਹੈ।

ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਟਰੀਟਮੈਂਟ ਪਲਾਂਟ ਦਾ ਦੌਰਾ

ਜਲੰਧਰ (ਸੈਲੀ ਐਲਬਰਟ): ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਗਤੀਸ਼ੀਲ ਅਗਵਾਈ ਅਤੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਵਿਭਾਗਾਧਿਅਕਸ਼ ਡਾ. ਰਜੀਵ ਭਾਟੀਆ ਦੀ ਯੋਗ ਦਿਸ਼ਾ-ਨਿਰਦੇਸ਼ ਹੇਠ, ਮੇਹਰ ਚੰਦ ਪੋਲਿਟੈਕਨਿਕ ਕਾਲਜ, ਜਲੰਧਰ ਦੇ ਸਿਵਲ ਇੰਜੀਨੀਅਰਿੰਗ ਵਿਦਿਆਰਥੀਆਂ ਵਾਸਤੇ ਫੋਲੜੀਵਾਲ (ਜਲੰਧਰ) ਵਿਖੇ ਸਿਊਰੇਜ ਟਰੀਟਮੈਂਟ ਪਲਾਂਟ ਦਾ ਵਿਦਿਅਕ ਦੌਰਾ ਕਰਵਾਇਆ ਗਿਆ, 35 ਵਿਦਿਆਰਥੀਆਂ ਦੇ ਇੱਕ ਸਮੂਹ ਨੇ (ਮਿਲੀਅਨ ਲੀਟਰ ਪ੍ਰਤੀ ਦਿਨ) ਸਮਰੱਥਾ ਵਾਲੇ ਸਿਊਰੇਜ ਟਰੀਟਮੈਂਟ ਪਲਾਂਟ ਦਾ ਦੌਰਾ ਕੀਤਾ। ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਗਿਆਨ ਅਤੇ ਸੀਧੀ ਤਜਰਬੇਦਾਰੀ ਪ੍ਰਦਾਨ ਕਰਨਾ ਸੀ, ਤਾਂ ਜੋ ਉਨ੍ਹਾਂ ਨੂੰ ਗੰਦੇ ਪਾਣੀ ਦੀ ਸਫਾਈ ਪ੍ਰਕਿਰਿਆ ਅਤੇ ਵਾਤਾਵਰਣਕ ਟਕਸਾਲਤਾ ਵਿਚਾਲੇ ਸੰਬੰਧ ਦੀ ਸਮਝ ਆ ਸਕੇ । ਵਿਦਿਆਰਥੀਆਂ ਨੂੰ ਇੰਜ. ਅਮਿਤ ਖੰਨਾ ਅਤੇ ਕਨਵ ਮਹਾਜਨ ਨੇ ਦੌਰਾਨ ਪੂਰੀ ਜਾਣਕਾਰੀ ਦਿੱਤੀ। ਸਿਊਰੇਜ ਟਰੀਟਮੈਂਟ ਪਲਾਂਟ ਦੇ ਸੀਨੀਅਰ ਰਸਾਇਣਸ਼ਾਸਤਰੀ ਇੰਜ. ਪੰਕਜ ਅਤੇ ਉਨ੍ਹਾਂ ਦੀ ਟੀਮ ਨੇ ਵਿਦਿਆਰਥੀਆਂ ਨੂੰ ਟਰੀਟਮੈਂਟ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਸਮਝਾਇਆ। ਉਨ੍ਹਾਂ ਨੇ ਗੰਦੇ ਪਾਣੀ ਦੀ ਸਫਾਈ ਪ੍ਰਕਿਰਿਆ, ਲੈਬ ਪੈਰਾਮੀਟਰਸ, ਅਤੇ ਸੁਧ ਕੀਤੇ ਪਾਣੀ ਦੀ ਗੁਣਵੱਤਾ ਬਾਰੇ ਜਾਣਕਾਰੀ ਦਿੱਤੀ । ਵਿਦਿਆਰਥੀਆਂ ਨੇ ਪ੍ਰਾਈਮਰੀ, ਸੈਕੰਡਰੀ, ਟਰਸ਼ਰੀ ਅਤੇ ਸਲੱਜ਼ ਟਰੀਟਮੈਂਟ ਦੀ ਪੂਰੀ ਪ੍ਰਕਿਰਿਆ ਨੂੰ ਨਜ਼ਦੀਕ ਤੋਂ ਵੇਖਿਆ। ਇਹ ਦੌਰਾ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਅਤੇ ਜਾਣਕਾਰੀਪੂਰਨ ਸਾਬਤ ਹੋਇਆ ।, ਜਿੱਥੇ ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦੇ ਵਿਵਹਾਰਿਕ) ਪੱਖਾਂ ਦੀ ਵਧੀਆ ਸਮਝ ਹਾਸਲ ਕੀਤੀ।

ਸ੍ਰੀ ਹਨੂਮਤ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

ਗੁਰਾਇਆ (ਬਿੰਦਰ ਸੁੰਮਨ)- ਸ੍ਰੀ ਹਨੁਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਪੰਜਾਬ ਟੈਕਨੀਕਲ ਯੂਨੀਵਰਸਿਟੀ (ਪੀ.ਟੀ.ਯੂ.) ਵੱਲੋਂ ਨਵੰਬਰ 2024 ਵਿੱਚ ਲਈ ਗਈ ਸਮੇਸਟਰ ਪ੍ਰੀਖਿਆ 'ਚ ਹਮੇਸ਼ਾ ਵਾਂਗ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਪ ਇੰਸਟੀਚਿਊਟ ਦੇ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਦੱਸਿਆ ਕਿ ਬੀਬੀਏ ਸਮੈਸਟਰ-1 ਦੀ ਵਿਦਿਆਰਥਣ ਰਮਨੀਤ ਕੌਰ ਪੁੱਤਰੀ ਜਸਵਿੰਦਰ ਸਿੰਘ ਉੱਬੀ ਨੇ 8.56 ਐਸਜੀਪੀਏ, ਸਮੈਸਟਰ-3 ਦੀ ਨਵਦੀਪ ਕੌਰ ਪੁੱਤਰੀ ਹਰਜੀਤ ਸਿੰਘ ਨੇ 8.11 ਐਸਜੀਪੀਏ, ਸਮੈਸਟਰ-5 ਦੀ ਈਸ਼ਾ ਪਰਬੱਗਾ ਪੁਤਰੀ ਵਰਿੰਦਰ ਕੁਮਾਰ ਨੇ 8.04 ਐਸਜੀਪੀਏ ਪ੍ਰਾਪਤ ਕੀਤੇ ਹਨ। ਇਸੇ ਤਰ੍ਹਾਂ ਬੀ.ਐਚ.ਏਮ.ਸੀ.ਟੀ. ਸਮੈਸਟਰ-7 ਦੇ ਅਨਮੋਲ ਬੰਗੜ ਪੁੱਤਰ ਬਿੰਦਰ ਬੰਗੜ ਨੇ 8.70 ਐਸਜੀਪੀਏ, ਸਮੈਸਟਰ-5 ਦੀ ਕੋਮਲ ਪੁੱਤਰੀ ਵਿਸ਼ਾਲ ਕੁਮਾਰ ਨੇ 8.90 ਐਸਜੀਪੀਏ, ਸਮੈਸਟਰ-3 ਦੀ ਅੰਜਲਾ ਪੁੱਤਰੀ ਅਸ਼ੋਕ ਕੁਮਾਰ ਨੇ 9.52 ਐਸਜੀਪੀਏ ਪ੍ਰਾਪਤ ਕੀਤੇ ਹਨ। ਬੀ.ਐਚ.ਐਮ.ਸੀ.ਟੀ. ਸਮੈਸਟਰ-1 ਦੇ ਵਿਦਿਆਰਥੀ ਪ੍ਰਭਜੀਤ ਪੁੱਤਰ ਸੇਵਾ ਸਿੰਘ ਨੇ 8.24 ਐਸਜੀਪੀਏ, ਜਦਕਿ ਬੀ.ਐਮ.ਐਲ.ਐਸ. ਸਮੈਸਟਰ-5 ਦੀ ਵਿਦਿਆਰਥਣ ਕਿਰਨਪ੍ਰੀਤ ਕੌਰ ਪੁੱਤਰੀ ਗੁਰਮੀਤ ਸਿੰਘ ਨੇ 9.21 ਐਸਜੀਪੀਏ, ਸਮੈਸਟਰ-3 ਦੀ ਵਿਦਿਆਰਥਣ ਕਿਰਨਦੀਪ ਪੁੱਤਰੀ ਹਰਜਿੰਦਰ ਨੇ 8.95 ਐਸਜੀਪੀਏ, ਸਮੈਸਟਰ-1 ਦੇ ਵਿਦਿਆਰਥੀ ਅਮਨਦੀਪ ਸਿੰਘ ਪੁੱਤਰ ਗੁਰਇਕਬਾਲ ਸਿੰਘ ਨੇ 9.48 ਐਸਜੀਪੀਏ, ਪ੍ਰਾਪਤ ਕਰਕੇ ਇੰਸਟੀਚਿਊਟ ਦਾ ਮਾਣ ਵਧਾਇਆ ਹੈ। ਇਸੇ ਤਰ੍ਹਾਂ ਬੀ.ਕਾਮ ਸਮੈਸਟਰ-5 ਦੀ ਵਿਦਿਆਰਥਣ ਸ਼ਾਇਨਾ ਪੁੱਤਰੀ ਰਾਜਕੁਮਾਰ ਨੇ 8.52 ਐਸਜੀਪੀਏ, ਬੀ.ਕਾਮ ਸਮੈਸਟਰ-3 ਦੀ ਵਿਦਿਆਰਥਣ ਗੁਰਪ੍ਰੀਤ ਕੌਰ ਪੁੱਤਰੀ ਦਲਜੀਤ ਸਿੰਘ ਨੇ 8.33 ਐਸਜੀਪੀਏ ਪ੍ਰਾਪਤ ਕੀਤੇ, ਇਸ ਤੋਂ ਇਲਾਵਾ ਬੀ.ਕਾਮ ਸਮੈਸਟਰ-1 ਦੀ ਵਿਦਿਆਰਥਣ ਪ੍ਰਿਆ ਸਿੰਘ ਪੁੱਤਰੀ ਨਰਿੰਦਰ ਸਿੰਘ, ਰਾਜਵਿੰਦਰ ਕੌਰ ਪੁੱਤਰੀ ਜੋਗਾ ਸਿੰਘ ਅਤੇ ਗੁਰਬਖਸ਼ ਕੌਰ ਪੁੱਤਰੀ ਜਗਦੀਪ ਸਿੰਘ ਨੇ ਬਰਾਬਰ 8.64 ਐਸਜੀਪੀਏ ਪ੍ਰਾਪਤ ਕੀਤੇ। ਬੀਟੀਟੀਐਮ ਵਿਭਾਗ ਵਿੱਚ ਸਮੈਸਟਰ-7 ਦੀ ਸ਼ਾਇਨਾ ਛਾਬੜਾ ਪੁੱਤਰੀ ਹਰਸ਼ ਛਾਬੜਾ ਨੇ 9.17 ਐਸਜੀਪੀਏ, ਫੈਸ਼ਨ ਡਿਜ਼ਾਈਨਿੰਗ ਸਮੈਸਟਰ-5 ਦੀ ਦੀਯਾ ਰਾਣੀ ਪੁੱਤਰੀ ਸਤਪਾਲ ਨੇ 8.18 ਐਸਜੀਪੀਏ, ਸਮੈਸਟਰ-3 ਦੀ ਕਸ਼ਿਸ਼ ਪੁੱਤਰੀ ਹਰਗੋਪਾਲ ਨੇ 8.88 ਐਸਜੀਪੀਏ, ਸਮੈਸਟਰ-1 ਦੀ ਅਰਕਨਜੀਤ ਕੌਰ ਪੂਨੀ ਪੁੱਤਰੀ ਅਮਰਜੀਤ ਸਿੰਘ ਪੂਨੀ ਨੇ 8.48 ਐਸਜੀਪੀਏ, ਬੀਸੀਏ ਸਮੈਸਟਰ-1 ਦੀ ਮੇਹਰ ਪੁੱਤਰੀ ਟਹਿਲ ਸਿੰਘ ਨੇ 8.52, ਸਮੈਸਟਰ-3 ਦੀ ਸੁਰਜੀਤ ਕੌਰ ਪੁੱਤਰੀ ਸਰਨਜੀਤ ਸਿੰਘ ਨੇ 8.52, ਸਮੈਸਟਰ-5 ਦੀ ਪ੍ਰਿਯੰਕਾ ਪੁੱਤਰੀ ਦੇਸਰਾਜ ਅਤੇ ਰਿਤੂ ਪੁੱਤਰੀ ਲਖਵੀਰ ਚੰਦ ਨੇ ਬਰਾਬਰ 9.43 ਐਸਜੀਪੀਏ ਅੰਕ ਪ੍ਰਾਪਤ ਕਰਕੇ ਕੈਂਪਸ ਦਾ ਨਾਂਅ ਰੌਸ਼ਨ ਕੀਤਾ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜਲੰਧਰ ਨੂੰ 'ਨੋ ਡਰੋਨ ਜ਼ੋਨ' ਐਲਾਨਿਆ

ਜਲੰਧਰ (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ) - ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਲੰਧਰ ਦੇ ਅਧਿਕਾਰ ਖੇਤਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਗਿਆ ਹੈ ਅਤੇ ਡਰੋਨ ਤੇ ਅਨਮੈਨਡ ਏਰੀਅਲ ਵਹੀਕਲਜ਼ (ਯੂ.ਏ.ਵੀਜ਼.) ਉਡਾਉਣ 'ਤੇ ਤੁਰੰਤ ਪ੍ਰਭਾਵ ਤੇ ਸਖ਼ਤੀ ਨਾਲ ਪਾਬੰਦੀ ਹੋਵੇਗੀ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਅਤੇ ਇਸੇ ਮੰਤਵ ਲਈ ਯੂ.ਏ.ਵੀ./ਡਰੋਨ ਦੀ ਵਰਤੋਂ ਵਿੱਚ ਸ਼ਾਮਲ ਪੁਲਿਸ ਅਤੇ ਹਥਿਆਰਬੰਦ ਸੈਨਾਵਾਂ ਨੂੰ ਯੂ.ਏ.ਵੀ./ਡਰੋਨ ਦੀ ਤਾਇਨਾਤੀ ਤੋਂ ਪਹਿਲਾਂ ਇਸ ਦਫ਼ਤਰ ਨੂੰ ਸੂਚਨਾ ਦੇਣੀ ਹੋਵੇਗੀ। ਇਹ ਹੁਕਮ ਅਗਲੇ ਦੋ ਮਹੀਨੇ ਤੱਕ ਲਾਗੂ ਰਹੇਗਾ।

ਬੁੱਧ ਪੂਰਨਿਮਾ 'ਤੇ ਛੁੱਟੀ ਕਰਨ ਦੀ ਮੰਗ

ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ) ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਤੇ ਗ੍ਰੇਟ ਬ੍ਰਿਟੇਨ ਅਤੇ ਬੋਧੀ ਭਾਈਚਾਰੇ ਨੇ ਨਵਾਂਸ਼ਹਿਰ ਤੋਂ ਬਸਪਾ ਵਿਧਾਇਕ ਡਾ.ਨਛੱਤਰ ਪਾਲ ਵੱਲੋਂ ਪੰਜਾਬ ਵਿਧਾਨ ਸਭਾ ਅੰਦਰ ਬੋਲਦਿਆਂ ਬੋਧ ਗਯਾ ਦੇ ਮਹਾਂ ਬੁੱਧ ਵਿਹਾਰ ਦੀ ਮੁਕਤੀ ਲਈ ਚੱਲ ਰਹੇ ਅੰਦੋਲਨ ਦਾ ਸਮਰਥਨ ਕਰਨ ਅਤੇ ਬੁੱਧ ਪੂਰਨਿਮਾ ਦੀ ਸਰਕਾਰੀ ਛੁੱਟੀ ਕਰਨ ਦੀ ਮੰਗ ਰੱਖਣ 'ਤੇ ਧੰਨਵਾਦ ਕੀਤਾ। ਪੰਜਾਬ ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਤੇ ਦੇਵ ਸੁਮਨ ਯੂ.ਕੇ. ਨੇ ਬੋਧੀ ਭਾਈਚਾਰੇ ਵੱਲੋਂ ਵਿਧਾਇਕ ਡਾ.ਨਛੱਤਰ ਪਾਲ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਿਆ ਕਿਹਾ ਕਿ ਵਿਧਾਇਕ ਡਾ.ਨਛੱਤਰ ਪਾਲ ਵੱਲੋਂ ਪੰਜਾਬ ਵਿਧਾਨ ਸਭਾ 'ਚ ਬੁੱਧ ਪੂਰਨਿਮਾ ਦੀ ਸਰਕਾਰੀ ਛੁੱਟੀ ਦੀ ਮੰਗ ਕਰਨਾ ਅਤੇ ਬੋਧ ਗਯਾ ਦੇ ਮਹਾਂ ਬੁੱਧ ਵਿਹਾਰ ਨੂੰ ਆਜ਼ਾਦ ਕਰਵਾਉਣ ਲਈ ਚੱਲ ਰਹੇ ਅੰਦੋਲਨ ਦਾ ਸਮਰਥਨ ਕਰਨਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੋਧੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਬੁੱਧ ਪੂਰਨਿਮਾ ਦੀ ਛੁੱਟੀ ਦਾ ਐਲਾਨ ਤਰੁੰਤ ਕਰੇ ਅਤੇ ਕੇਂਦਰ ਦੀ ਸਰਕਾਰ ਬੋਧ ਗਯਾ ਦਾ ਮਹਾਂ ਬੁੱਧ ਵਿਹਾਰ ਬੋਧੀ ਭਾਈਚਾਰੇ ਦੇ ਹਵਾਲੇ ਕਰਨ ਲਈ ਢੁੱਕਵੇਂ ਕਦਮ ਚੁੱਕੇ ਤਾਂ ਤਾਂ ਜੋ ਬਾਕੀ ਧਰਮਾਂ ਦੀ ਤਰ੍ਹਾਂ ਬੋਧੀਆਂ ਦੇ ਧਾਰਮਿਕ ਸਥਾਨਾਂ ਦਾ ਪ੍ਰਬੰਧ ਵੀ ਸਿਰਫ ਬੋਧੀਆਂ ਕੋਲ ਹੀ ਰਹੇ।

ਸੰਤ ਮਾਹਨ ਦਾਸ ਦੇ ਬਰਸੀ ਸਮਾਗਮ ਸ਼ਰਧਾਪੂਰਵਕ ਮਨਾਏ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਬ੍ਰਹਮਲੀਨ ਸ੍ਰੀਮਾਨ ਸੰਤ ਮਾਹਨ ਦਾਸ ਜੀ ਦੇ ਸਾਲਾਨਾ ਬਰਸੀ ਸਮਾਗਮ ਧਾਰਨੀਆਂ ਜਿਲਾ ਫਤਿਹਾਬਾਦ ਹਰਿਆਣਾ ਵਿਖੇ ਡੇਰਾ ਮਹਾਨਪੁਰੀ ਸੰਤ ਮਾਹਨ ਦਾਸ ਸਾਹਰੀ ਦੇ ਮੁੱਖ ਸੰਚਾਲਕ ਸੰਤ ਬਲਬੀਰ ਦਾਸ ਦੀ ਅਗਵਾਈ ਹੇਠ ਬਹੁਤ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਸੰਤ ਬਲਬੀਰ ਦਾਸ ਹੋਰਾਂ ਦੱਸਿਆ ਕਿ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਦੇ ਜਾਪ ਤੋਂ ਉਪਰੰਤ ਰਾਗੀ ਜਥਿਆਂ ਵਲੋ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ।ਸੰਤ ਬਲਬੀਰ ਦਾਸ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਤ ਮਾਹਨ ਦਾਸ ਜੀ ਮਹਾਰਾਜ ਦਾ ਜਨਮ ਪਿੰਡ ਧਾਰਨੀਆਂ ਜਿਲਾ ਫਤਿਹਾਬਾਦ ਵਿਖੇ ਹੋਇਆ । ਉਨਾਂ ਦੱਸਿਆ ਕਿ ਉਹ ਬਚਪਨ ਤੋਂ ਹੀ ਪ੍ਰਭੂ ਪ੍ਰਮੇਸ਼ਰ ਦੀ ਬੰਦਗੀ ਅਤੇ ਸੇਵਾ ਸਿਮਰਨ ਵਿੱਚ ਲੀਨ ਰਹਿੰਦੇ ਸਨ। ਸੰਤ ਬਲਬੀਰ ਦਾਸ ਵਲੋ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਪ੍ਰਮੇਸ਼ਰ ਦੀ ਬੰਦਗੀ ਕਰਨ ਅਤੇ ਪ੍ਰਭੂ ਚਰਨਾਂ ਨਾਲ ਸੱਚੀ ਪ੍ਰੀਤ ਪਾਉਣ ਦਾ ਉਪਦੇਸ਼ ਦਿੱਤਾ। ਸੰਤ ਬਲਬੀਰ ਦਾਸ ਨੇ ਦੱਸਿਆ ਕਿ ਸੰਤ ਮਾਹਨ ਦਾਸ ਜੀ ਹਮੇਸ਼ਾ ਪ੍ਰਮੇਸ਼ੁਰ ਦੀ ਬੰਦਗੀ ਵਿੱਚ ਲੀਨ ਰਹਿੰਦੇ ਸਨ ਅਤੇ ਦੀਨ ਦੁਖੀਆਂ ਦੀ ਸੇਵਾ ਕਰਨਾ ਹੀ ਆਪਣਾ ਪਰਮ ਧਰਮ ਸਮਝਦੇ ਸਨ।ਇਸ ਮੌਕੇ ਸੰਤ ਬਲਬੀਰ ਦਾਸ ਵਲੋ ਧਾਰਮਿਕ, ਸਮਾਜਿਕ ਸਖਸ਼ੀਅਤਾਂ ਨੂੰ ਵਿਸ਼ੇਸ਼ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਜਗਿੰਦਰ ਸਿੰਘ ਕੋਟਲੀ ਥਾਨ ਸਿੰਘ, ਜਥੇਦਾਰ ਸੁਰਜੀਤ ਸਿੰਘ ਗ੍ਰੰਥੀ ਸਹਿਬਾਨ, ਸੀਤਲ ਦਾਸ ਫਗਵਾੜਾ, ਕਮਲੇਸ਼ ਸਿੰਘ ਸਾਹਰੀ, ਮਨਜਿੰਦਰ ਸਿੰਘ ਕੰਧਾਲੀ,ਹਰਦਿਆਲ ਕਾਲਾ ਸਾਹਰੀ, ਦੇਵ ਰਾਜ, ਬੀਬੀ ਸੁਰਿੰਦਰ ਕੌਰ ਤੋਂ ਇਲਾਵਾ ਪਿੰਡ ਸਾਹਰੀ, ਕਾਲਾ ਸੰਘਿਆ ਅਤੇ ਵੱਖ ਵੱਖ ਪਿੰਡਾਂ ਦੀ ਸੰਗਤ ਹਾਜਰ ਸੀ।

5 ਹਜ਼ਾਰ ਤੋਂ ਵੱਧ ਦਲਿਤ ਪਰਵਾਰਾਂ ਦੇ 70 ਕਰੋੜ ਰੁਪਏ ਦੇ ਕਰਜ਼ੇ ਕੀਤੇ ਮੁਆਫ਼ : ਡਾ. ਬਲਜੀਤ ਕੌਰ

ਚੰਡੀਗੜ੍ਹ (ਗੁਰਜੀਤ ਬਿੱਲਾ)— ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਲੋਕ-ਕੇਂਦ੍ਰਿਤ ਬਜਟ ਪੇਸ਼ ਕਰਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਬਜਟ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੇ ਵਿਕਾਸ ਨੂੰ ਤਰਜੀਹ ਦਿੰਦਾ ਹੈ। ਉਨ੍ਹਾਂ ਨੇ ਬਜਟ ਵਿੱਚ ਅਨੁਸੂਚਿਤ ਜਾਤੀਆਂ, ਔਰਤਾਂ ਅਤੇ ਪਛੜੇ ਪਰਵਾਰਾਂ ਦੀ ਸਹਾਇਤਾ ਲਈ ਪੇਸ਼ ਕੀਤੇ ਗਏ ਮਹੱਤਵਪੂਰਨ ਉਪਾਵਾਂ 'ਤੇ ਚਾਨਣਾ ਪਾਇਆ।ਸਰਕਾਰ ਨੇ ਅਨੁਸੂਚਿਤ ਜਾਤੀ ਪਰਵਾਰਾਂ ਦੁਆਰਾ 31 ਮਾਰਚ, 2020 ਤੱਕ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿੱਤ ਨਿਗਮ ਅਧੀਨ ਲਏ ਗਏ 70 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕਰ ਦਿੱਤੇ ਹਨ। ਇਸ ਫੈਸਲੇ ਨਾਲ 5,000 ਤੋਂ ਵੱਧ ਪਰਵਾਰਾਂ ਨੂੰ ਲਾਭ ਪਹੁੰਚੇਗਾ ਜੋ ਉੱਚ ਵਿਆਜ ਦਰਾਂ ਅਤੇ ਆਰਥਿਕ ਮੁਸ਼ਕਲਾਂ ਕਾਰਨ ਭੁਗਤਾਨ ਕਰਨ ਵਿੱਚ ਅਸਮਰੱਥ ਸਨ।ਰਾਜ ਨੇ ਅਨੁਸੂਚਿਤ ਜਾਤੀ ਉਪ-ਯੋਜਨਾ ਪਹਿਲਕਦਮੀਆਂ ਲਈ 13,987 ਕਰੋੜ ਰੁਪਏ ਅਲਾਟ ਕੀਤੇ ਹਨ। ਡਾ. ਕੌਰ ਨੇ ਹਾਸ਼ੀਏ 'ਤੇ ਪਏ ਭਾਈਚਾਰਿਆਂ ਨੂੰ ਸਸ਼ਕਤ ਬਣਾਉਣ ਦੇ ਉਦੇਸ਼ ਨਾਲ ਕੀਤੇ ਗਏ ਇਸ ਬੇਮਿਸਾਲ ਕਦਮ ਦੀ ਸ਼ਲਾਘਾ ਕੀਤੀ। ਮੁੱਖ ਵੰਡਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੇ ਵਰਗ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਲਈ 262 ਕਰੋੜ ਰੁਪਏ, ਗਰੀਬ ਪਰਵਾਰਾਂ ਦੀਆਂ ਕੁੜੀਆਂ ਦੇ ਵਿਆਹ ਲਈ ਅਸ਼ੀਰਵਾਦ ਯੋਜਨਾ ਤਹਿਤ 36 ਕਰੋੜ ਰੁਪਏ ਅਤੇ ਔਰਤਾਂ, ਬਜ਼ੁਰਗ ਨਾਗਰਿਕਾਂ, ਅਪਾਹਜ ਵਿਅਕਤੀਆਂ ਅਤੇ ਤਲਾਕਸ਼ੁਦਾ ਜਾਂ ਇਕੱਲੀਆਂ ਔਰਤਾਂ ਨੂੰ ਲਾਭ ਪਹੁੰਚਾਉਣ ਵਾਲੇ ਸ